ਵਿਸ਼ਵ ਸਾਂਝੀਵਾਲਤਾ, ਸਮਾਨਤਾ, ਬੇਗ਼ਮਪੁਰਾ ਦੇ ਸ਼ਿਲਪਕਾਰ ਸਤਿਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।



"ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।।
ਛੋਟ ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ।।"

ਸਤਿਗੁਰੂ ਰਵਿਦਾਸ ਜੀ ਦਾ ਇਹ ਵਿਚਾਰ ਇੱਕ ਵਿਸ਼ਵ ਪੱਧਰੀ ਵਿਚਾਰ ਹੈ। ਇਸ ਵਿੱਚ ਉਹ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ, ਜਿੱਥੇ ਕੋਈ ਵੀ ਭੁੱਖਾ ਨਾ ਰਹੇ ਅਤੇ ਸਮਾਜ ਵਿੱਚ ਮੌਜੂਦ ਸਾਰੀਆਂ ਚਿੰਤਾਵਾਂ ਮਿਟ ਜਾਣ। ਸਤਿਗੁਰੂ ਰਵਿਦਾਸ ਜੀ ਚਾਹੁੰਦੇ ਹਨ ਕਿ ਸਮਾਜ ਵਿੱਚ ਛੋਟੇ-ਵੱਡੇ ਸਭ ਬਰਾਬਰ ਹੋਣ। ਜਦੋਂ ਸਮਾਜ ਵਿੱਚ ਅਜਿਹਾ ਬਦਲਾਅ ਆਵੇਗਾ, ਤਦੋਂ ਹੀ ਗੁਰੂ ਰਵਿਦਾਸ ਜੀ ਪ੍ਰਸੰਨ ਹੋਣਗੇ। ਇਸ ਤੋਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਸਤਿਗੁਰੂ ਰਵਿਦਾਸ ਜੀ ਦਾ ਦ੍ਰਿਸ਼ਟੀਕੋਣ ਸਮਾਜਕ ਬਰਾਬਰਤਾ ਦੀ ਸਥਾਪਨਾ ਕਰਦਾ ਹੈ। ਗੁਰੂ ਜੀ ਨੂੰ ਮੰਨਣ ਵਾਲਿਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਗੁਰੂ ਜੀ ਦੀਆਂ ਦੱਸੀਆਂ ਗੱਲਾਂ ਨੂੰ ਆਪਣੇ ਆਚਰਨ ਵਿੱਚ ਲਿਆਉਣ ਅਤੇ ਸਮਤਾਵਾਦੀ ਸਮਾਜ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ। ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਸਾਰਿਆਂ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ।

Dr. Sunita Sawarkar Assistant Professor
Dr. Ambedkar Chair in Dalit History
Rashtrasant Tukadoji Maharaj Nagpur University Nagpur Maharashtra.

---



ਰਵਿਦਾਸ ਹਮਾਰੇ ਬਸਨ ਕੋ, ਸੁਖ ਕੇ ਦੋਊ ਧਾਮ।।
ਏਕ ਸੁਖ ਸਵਰਾਜ ਮਹਿ, ਦੂਸਰ ਮਰਘਟ ਠਾਮ।।

ਗੁਰੂ ਰਵਿਦਾਸ ਜੀ ਸਪੱਸ਼ਟ ਕਰਦੇ ਹਨ ਕਿ ਸੁੱਖਾਂ ਦਾ ਮੂਲ ਸਰੋਤ ਸਿਰਫ਼ ਸਵਰਾਜ ਵਿੱਚ ਹੈ। ਗ਼ੁਲਾਮੀ ਦਾ ਅਹਿਸਾਸ ਹੀ ਬਗ਼ਾਵਤ ਦੀ ਪਹਿਲੀ ਚਿੰਗਾਰੀ ਹੁੰਦਾ ਹੈ। ਜਦ ਤੱਕ ਦਬਿਆ ਹੋਇਆ ਸਮਾਜ ਉੱਠਦਾ ਨਹੀਂ, ਤਦ ਤੱਕ ਉਸਦਾ ਰਾਜ ਨਹੀਂ ਬਣਦਾ। ਬਿਨਾਂ ਰਾਜ ਦੇ ਸੁੱਖ ਅਸੰਭਵ ਹੈ ਅਤੇ ਦੁੱਖ ਪੀੜ੍ਹੀ-ਦਰ-ਪੀੜ੍ਹੀ ਵਧਦਾ ਜਾਂਦਾ ਹੈ। ਇਸ ਲਈ ਬਹੁਜਨ ਦਲਿਤ ਸਮਾਜ ਨੂੰ ਗ਼ੁਲਾਮੀ ਵਿਰੁੱਧ ਸੰਗਠਿਤ ਹੋ ਕੇ ਬਗ਼ਾਵਤ ਕਰਨੀ ਹੀ ਪਵੇਗੀ। ਸਵਰਾਜ ਹੀ ਮੁਕਤੀ ਦਾ ਰਾਹ ਹੈ। ਇਹੀ ਗੁਰੂ ਰਵਿਦਾਸ ਜੀ ਦਾ ਕ੍ਰਾਂਤੀਕਾਰੀ ਹੁਕਮ ਹੈ।

- ਮਾਸਟਰ ਕ੍ਰਿਪਾਲ ਸਿੰਘ ਨਿਊਯਾਰਕ

**R.R. FINANCE CORP.**
ਇਥੇ ਹਰ ਤਰ੍ਹਾਂ ਦੇ ਅਸਾਨ ਕਿਸ਼ਤਾਂ ਤੇ ਘੱਟ ਵਿਆਜ਼ ਦਰ ਤੇ ਲੋਨ ਕੀਤੇ ਜਾਂਦੇ ਹਨ।
ਚੋਪੜਾ ਇੰਟਰਪ੍ਰਾਈਜ਼ਿਜ਼ ਵਾਲੀ ਗਲੀ, ਆਦਮਪੁਰ ਰੋਡ, ਭੋਗਪੁਰ, ਮੋ. 82839-56202

**ਚੋਪੜਾ ਇੰਟਰਪ੍ਰਾਈਜ਼ਜ਼**
ਪ੍ਰੋਪ : ਤੇਜਿੰਦਰ ਚੋਪੜਾ
ਨੇੜੇ ਰੇਲਵੇ ਫਾਟਕ, ਭੋਗਪੁਰ (ਜਲੰਧਰ), ਮੋ. 70871-50013
ਇਥੇ ਸੀ.ਸੀ.ਟੀ.ਵੀ. ਕੈਮਰੇ ਅਤੇ ਬਿਜਲੀ ਦੇ ਸਾਮਾਨ ਇਨਵਰਟਰ, ਬੈਟਰੀ, ਏ.ਸੀ., ਕੂਲਰ ਨਗਦ ਅਤੇ ਅਸਾਨ ਕਿਸ਼ਤਾਂ 'ਤੇ ਉਪਲਬਧ ਹਨ।

**CHOPRA MEDICOSE**
ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਾਲੀ ਗਲੀ, ਗੁਰੂ ਨਾਨਕ ਨਗਰ, ਭੋਗਪੁਰ। ਮੋ. 9465186522

Design : Walia Enterprises # 98153-78692

# ਸਤਿਗੁਰੂ ਰਵਿਦਾਸ ਜੀ ਦੀਆਂ ਪੰਜਾਬ ਵਿੱਚ ਇਤਿਹਾਸਕ ਯਾਤਰਾਵਾਂ

ਗੁਰੂ ਜੀ ਦਾ ਅਗਲਾ 650ਵਾਂ ਪ੍ਰਕਾਸ਼ ਦਿਹਾੜਾ
20 ਫਰਵਰੀ 2027 - ਸ਼ਨੀਵਾਰ



ਇਹ ਟ੍ਰੈਕਟ ਡਾਕ ਰਾਹੀਂ ਮੁਫ਼ਤ ਮੰਗਵਾਉਣ ਲਈ ਹੇਠਾਂ ਦਿੱਤੇ ਵਟਸਐਪ ਨੰਬਰਾਂ 'ਤੇ ਆਪਣਾ ਡਾਕ ਐਡਰੈੱਸ ਭੇਜੋ।

ਟ੍ਰੈਕਟ ਨੰਬਰ 43

(ਰਜਿ. ਨੰ. 179-2006-07)
ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ
Mobile : 78141-42944, 98725-88620

GRMT/01/26/24/43


ਸੰਸਥਾ ਦੀ ਵੈੱਬਸਾਈਟ - www.begumpuramission.com
ਸੰਸਥਾ ਦਾ ਚੈਨਲ - begumpura mission (YouTube channel)

BEGUMPURA MISSION :
A RELIGIOUS & SOCIAL INFORMATION CENTER

ਬੇਗ਼ਮਪੁਰਾ ਸੰਕਲਪ ਦੇ ਆਦਿਵਾਸੀ ਬ੍ਰਹਮ ਗਿਆਨੀ ਚਿੰਤਕ, ਸਤਿਗੁਰੂ ਸਾਹਿਬਾਨਾਂ ਦੀ ਪਾਵਨ ਬਾਣੀ ਤੇ ਵਿਚਾਰਧਾਰਾ ਅਤੇ ਬੇਗ਼ਮਪੁਰਾ ਸੰਕਲਪ ਦੀ ਸਥਾਪਤੀ ਵਿਚ ਵੱਡੀ ਭੂਮਿਕਾ ਨਿਭਾਉਣ ਵਾਲੇ ਰਹਿਬਰਾਂ ਦੇ ਵਡਮੁੱਲੇ ਯੋਗਦਾਨ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੇਂਦਰ


ਟ੍ਰੈਕਟ ਨੰ. 43/ ਪਹਿਲੀ ਵਾਰ 6000/ ਜਨਵਰੀ 2026 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

ਵਿਸ਼ਵਵਾਦੀ, ਸਮਾਜਵਾਦੀ, ਮਾਨਵਤਾਵਾਦੀ ਅਤੇ ਇਨਕਲਾਬੀ ਵਿਚਾਰਧਾਰਾ ਦੇ ਸਿਰਜਕ
ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਸ੍ਰੀ ਦਲੀਪ ਚੰਦ ਕਟਾਰੀਆ ਅਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਬਲਬੀਰ ਕੌਰ ਪਿੰਡ ਪਾਲ ਨੌ ਫਿਲੌਰ

**Bhatoa Family Canada**











ਭਾਈ ਦਿਲਬਾਗ ਸਿੰਘ ਬਿਨਪਾਲਕੇ ਵਾਲੇ ਨਿਊਯਾਰਕ (ਅਮਰੀਕਾ)

# ਸ੍ਰੀ ਗੁਰੂ ਰਵਿਦਾਸ ਮਿਸ਼ਨ ਦੀ ਫੁਲਵਾੜੀ



ਤਰਨਵੀਰ ਤੇ ਅਵਨੀਤ ਕੌਰ ਬਿਨਪਾਲਕੇ



ਰਵਿਨੂਰ ਕੌਰ ਬਿਨਪਾਲਕੇ



ਰਿਹਾਨ ਚੌਪੜਾ



ਗੁਰਨਾਜ਼ ਸਿੱਧੂ



ਰਣਜੋਤ ਸਿੰਘ ਬਿਨਪਾਲਕੇ



ਸੁਖਮਨ ਤੇ ਏਕਨੂਰ ਕੌਰ ਤਲਵੰਡੀ ਰਾਈਆਂ



ਜਪਜੋਤ ਸਿੰਘ ਪੰਡੋਰੀ ਨਿੱਝਰਾਂ



ਜਗਮਨਪ੍ਰੀਤ ਸਿੰਘ ਬਿਨਪਾਲਕੇ


ਪਿਆਰੀ ਸਾਧ ਸੰਗਤ ਜੀਓ! ਆਪ ਗੁਰੂ ਮਿਸ਼ਨ ਪ੍ਰੇਮੀਆਂ ਵੱਲੋਂ ਸੰਸਥਾ ਨੂੰ ਆਰਥਿਕ ਸਹਿਯੋਗ ਪ੍ਰਦਾਨ ਕਰਨ ਲਈ ਬੈਂਕ ਸਕੈਨਰ (QR ਕੋਡ) ਦੀ ਸੁਵਿਧਾ ਵੀ ਉਪਲਬਧ ਕਰਵਾਈ ਗਈ ਹੈ। ਇਸ ਸਬੰਧੀ ਸੰਸਥਾ ਦੇ ਮੀਤ ਸਕੱਤਰ ਸ੍ਰੀ ਸੂਰਤੀ ਲਾਲ ਜੀ ਦੇ ਬੈਂਕ ਖਾਤੇ ਦਾ ਸਕੈਨਰ ਦਿੱਤਾ ਗਿਆ ਹੈ। ਆਪ ਜੀ ਇਸ ਰਾਹੀਂ ਵੀ ਸੰਸਥਾ ਨੂੰ ਆਪਣਾ ਸਹਿਯੋਗ ਦੇ ਸਕਦੇ ਹੋ। ਆਪ ਜੀ ਦੇ ਧੰਨਵਾਦੀ ਹੋਵਾਂਗੇ।

ਚਰਨਜੀਤ ਸਿੰਘ, ਜਨਰਲ ਸਕੱਤਰ
ਮੋ. 78141-42944


ਸਦੀਆਂ ਤੋਂ ਲਿਤਾੜੇ, ਪਛਾੜੇ ਲੋਕਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ, ਸਵੈ-ਸ਼ਕਤੀ ਜਗਾਉਣ ਵਾਲੇ
ਇਨਕਲਾਬੀ ਰਹਿਨੁਮਾ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਐਡਵੋਕੇਟ ਪ੍ਰੋ. ਲਾਲ ਸਿੰਘ
ਲੁਧਿਆਣਾ




ਦੇਵਰਾਜ ਹੀਰ
ਸਈਂਪੁਰ ਕਲਾਂ



ਸ. ਉਜਾਗਰ ਸਿੰਘ
ਡੱਲੀ



ਰਛਪਾਲ ਸਿੰਘ
ਬੱਧਣ



ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)



ਬਖ਼ਸ਼ੀਸ਼ ਸਿੰਘ
ਪੰਡੋਰੀ ਨਿੱਝਰਾਂ



ਮਾਸਟਰ ਰਾਮ ਕਿਸ਼ਨ
ਰਾਸਤਗੋ



ਬਿਕਰਮਜੀਤ ਸਿੰਘ
ਡੀ.ਐਸ.ਪੀ. (ਰਿਟਾ.) ਫਿਲੌਰ



ਸੂਬੇਦਾਰ ਹੰਸ ਰਾਜ
(ਭੋਗਪੁਰ)



ਸ੍ਰੀ ਪ੍ਰੇਮ ਪਾਲ
ਸਿਕੰਦਰਪੁਰ



ਸੁਖਵਿੰਦਰ ਪਾਲ
ਚੁਖਿਆਰਾ



ਸ. ਬੂਟਾ ਸਿੰਘ ਐਸ.ਆਈ.
ਡੱਗਰੀਆਂ



ਗੀਤਕਾਰ ਮਹਿੰਦਰ ਸੰਧੂ
ਮਹੇੜੂ



ਸ. ਜੋਗਾ ਸਿੰਘ
ਪੰਡੋਰੀ ਨਿੱਝਰਾਂ



ਸ. ਬੁੱਧ ਸਿੰਘ
ਦੌਲੋਵਾਲ



ਸ਼ਿਮ ਨਾਥ ਸੀ.ਆਰ.ਪੀ.ਐਫ.
ਸਿਕੰਦਰਪੁਰ (ਅਲਾਵਲਪੁਰ)



ਮਨਜੀਤ ਸਿੰਘ
ਧੁੜਿਆਲ



ਸੂਬੇਦਾਰ ਮੇਜਰ
ਪਿਆਰੇ ਲਾਲ



ਭੁਪਿੰਦਰ ਸਿੰਘ
ਪੰਡੋਰੀ ਨਿੱਝਰਾਂ



ਏ.ਐਸ.ਆਈ. ਸਤਨਾਮ ਸਿੰਘ
ਬਿਨਪਾਲਕੇ



ਦੇਸ ਰਾਜ
ਚੁਖਿਆਰਾ



ਕਰਨੈਲ ਸਿੰਘ
ਸੰਧੂ



ਪ੍ਰਭਜੀਤ
ਬਾਂਸਲ ਮਾਧੋਪੁਰ



ਜਸਵੰਤ ਸਿੰਘ
ਬਹਿਰਾਮ ਸਰਿਸ਼ਤਾ



ਬਲਜਿੰਦਰ ਸਿੰਘ
ਖਾਨਪੁਰ ਸਹੋਤਾ

# ਸ੍ਰੀ ਗੁਰੂ ਰਵਿਦਾਸ ਜੀ ਦੀਆਂ ਇਤਿਹਾਸਕ ਯਾਤਰਾਵਾਂ

ਰੂਪ ਲਾਲ ਰੂਪ — ਜ਼ਿਲ੍ਹਾ ਸਿੱਖਿਆ ਅਫ਼ਸਰ (ਰਿਟਾ.)
ਪਿੰਡ ਭੇਲਾਂ ਡਾਕਖਾਨਾ ਨਾਜਕਾ (ਜਲੰਧਰ)
ਮੋਬਾਇਲ - 94652-29722, 94652-25722



ਗੁਰੂ ਰਵਿਦਾਸ ਮਹਾਰਾਜ ਜੀ ਮਹਾਤਮਾ ਬੁੱਧ ਤੋਂ ਬਾਅਦ ਦੂਸਰੇ ਅਜਿਹੇ ਰਹਿਬਰ ਹੋਏ ਹਨ ਜਿਨ੍ਹਾਂ ਲੋਕ-ਕਲਿਆਨ ਲਈ ਲੰਮੀਆਂ ਯਾਤਰਾਵਾਂ ਕੀਤੀਆਂ। ਬਨਾਰਸ ਦੀ ਧਰਤੀ ਤੋਂ ਉਨ੍ਹਾਂ ਆਪਣੀ ਪਹਿਲੀ ਯਾਤਰਾ ਦਾ ਆਗਾਜ਼ ਆਪਣੀ ਸੰਤ-ਮੰਡਲੀ ਨਾਲ 1436 ਈ. ਵਿਚ ਪੱਛਮ ਦਿਸ਼ਾ ਵੱਲ ਕੀਤਾ ਅਤੇ ਇਹ ਸਿਲਸਿਲਾ ਨਿਰੰਤਰ 1517 ਈ. ਤੱਕ ਚਲਦਾ ਰਿਹਾ। ਇਸ ਸਮੇਂ ਦੌਰਾਨ ਉਨ੍ਹਾਂ ਸਮਾਜ ਵਿਚ ਸਦੀਆਂ ਤੋਂ ਪਸਰੇ ਦਲਿੱਦਰ ਨੂੰ ਦੂਰ ਕਰਨ ਲਈ ਦੇਸ-ਵਿਦੇਸ਼ ਦੀਆਂ ਅੱਠ ਜਨ-ਹਿੱਤਕਾਰੀ ਯਾਤਰਾਵਾਂ ਕੀਤੀਆਂ। ਪੱਛਮ, ਪੂਰਬ ਤੇ ਦੱਖਣ ਦਿਸ਼ਾ ਵਲ ਤਿੰਨ ਲੰਮੀਆਂ ਯਾਤਰਾਵਾਂ ਉਪਰੰਤ 1481 ਈ. ਵਿਚ ਉਨ੍ਹਾਂ ਆਪਣੀ ਚੌਥੀ ਯਾਤਰਾ ਲਈ ਉੱਤਰ ਦਿਸ਼ਾ ਵੱਲ ਚਾਲੇ ਪਾ ਦਿੱਤੇ ਅਤੇ ਉਨ੍ਹਾਂ ਕੱਤਕ ਦੇ ਮਹੀਨੇ ਆਪਣਾ ਪਲੇਠਾ ਕਦਮ ਪੰਜਾਬ ਦੀ ਧਰਤੀ 'ਤੇ ਰੱਖਿਆ।

### ਗੁਰੂ ਰਵਿਦਾਸ ਜੀ ਦੀ ਮੀਰ ਹੋਤਾ (ਅਜੋਕਾ ਲੁਧਿਆਣਾ) ਦੀ ਯਾਤਰਾ

**(ਪਹਿਲੀ ਪੰਜਾਬ ਯਾਤਰਾ-1)** - ਗੁਰੂ ਰਵਿਦਾਸ ਮਹਾਰਾਜ ਜੀ ਦੀ ਅਲੌਕਿਕ ਸੰਤ-ਮੰਡਲੀ ਸ਼ਹਿਰ-ਸ਼ਹਿਰ ਤੇ ਪਿੰਡ-ਪਿੰਡ ਆਪਸੀ ਪ੍ਰੇਮ ਦੀ ਜੋਤ ਜਗਾਉਂਦੀ ਤੇ ਕਰਮਕਾਂਡਾਂ ਨੂੰ ਠਿੱਬੀ ਲਾਉਂਦੀ ਕਪਾਲ ਮੋਚਨ (ਹਰਿਆਣਾ) ਤੋਂ ਚੱਲ ਕੇ ਸਰਹੰਦ ਹੁੰਦੀ ਹੋਈ ਮੀਰ ਹੋਤਾ ਨਾਮਕ ਪਿੰਡ ਪਹੁੰਚ ਗਈ। ਇਹ ਸੰਯੋਗ ਦੀ ਗੱਲ ਸੀ ਕਿ ਲੋਧੀ-ਕਾਲ ਸਮੇਂ ਸੁਲਤਾਨ ਦੇ ਦੋ ਅਹਿਲਕਾਰ ਯੂਸਫ ਅਤੇ ਨਹੰਗ ਖਾਨ 1481ਈ. ਵਿਚ ਮੀਰ ਹੋਤਾ ਦਾ ਵਿਕਾਸ ਕਰ ਰਹੇ ਸਨ। ਭਾਵੇਂ ਉਹ ਸੁਲਤਾਨ ਦੇ ਤਖਤ ਦੀ ਸਲਾਮਤੀ ਲਈ ਕਿਲ੍ਹੇ ਦੀ ਉਸਾਰੀ ਵੀ ਕਰਵਾ ਰਹੇ ਸਨ ਪਰ ਲੋਕਾਂ ਵਿਚ ਨਗਰ ਦੇ ਵਿਕਾਸ ਕਾਰਨ ਭਾਰੀ ਉਤਸ਼ਾਹ ਸੀ। ਸ਼ੁਭ ਸੰਯੋਗ ਸਦਕਾ ਏਥੇ ਗੁਰੂ ਰਵਿਦਾਸ ਜੀ ਦੀ ਸੰਤ-ਮੰਡਲੀ ਵੀ ਪਹੁੰਚ ਗਈ। ਉਨ੍ਹਾਂ ਇਸ ਪੜਾਅ 'ਤੇ ਦਸ ਦਿਨ ਰੈਣ ਸੁਬਾਈ ਸਤਿਸੰਗ ਕੀਤਾ ਅਤੇ ਲੋਕ ਮਨਾਂ ਵਿੱਚੋਂ ਆਪਸੀ ਪਿਆਰ ਦੇ ਝਰਨੇ ਆਪ ਮੁਹਾਰੇ ਵਹਿ ਤੁਰੇ। ਏਥੇ ਉਨ੍ਹਾਂ ਸੁਲਤਾਨ ਦੇ ਅਹਿਲਕਾਰਾਂ ਨੂੰ ਲੋਕ ਭਲਾਈ ਦਾ ਸੰਦੇਸ਼ ਦਿੱਤਾ। ਨਗਰ ਦੀ ਸਦਾ ਸਲਾਮਤੀ ਮੰਗਦਿਆਂ ਆਪਣੇ ਮਿਸ਼ਨ ਦੀ ਪੂਰਤੀ ਉਪਰੰਤ ਗੁਰੂ ਜੀ ਆਪਣੀ ਅਗਲੀ ਮੰਜ਼ਿਲ ਵਲ ਅੱਗੇ ਚੱਲ ਪਏ। ਪਰ ਪਿਆਰ ਦੇ ਖਿੱਚੇ ਅਤੇ ਸੁੱਖ ਸ਼ਾਂਤੀ ਲਈ ਤਰਸਦੇ ਲੋਕ ਮੀਰ ਹੋਤਾ ਦੇ ਆਸ ਪਾਸ ਵੱਸਣੇ ਅਰੰਭ ਹੋ ਗਏ। ਮੀਰ ਹੋਤਾ ਦਾ ਅਕਾਰ ਦਿਨੋਂ ਦਿਨ ਵਿਸ਼ਾਲ ਹੋਣ ਲੱਗਾ। ਲਹੌਰ-ਦਿੱਲੀ ਦੇ ਵਿਚਕਾਰ ਹੋਣ ਕਾਰਨ ਇਸ ਨਗਰ ਦੀ ਮਹੱਤਤਾ ਹੋਰ ਵੱਧ ਗਈ। ਲੋਕ ਇਸ ਨੂੰ ਪਿਆਰ ਵਜੋਂ 'ਲੋਧੀਆਣਾ' ਆਖਣ ਲੱਗ ਪਏ, ਜੋ ਸਮੇਂ ਦੇ ਫੇਰ ਨਾਲ ਲੁਧਿਆਣਾ ਬਣ ਗਿਆ। ਵੱਡੇ ਸੰਨਅਤੀ ਸ਼ਹਿਰ ਲੁਧਿਆਣਾ ਦੀ ਪਿੱਠ-ਭੂਮੀ ਵਿਚ ਗੁਰੂ ਰਵਿਦਾਸ ਜੀ ਦੀ ਮੀਰ ਹੋਤਾ ਯਾਤਰਾ ਅੱਜ ਵੀ ਕਾਰਜਸ਼ੀਲ ਪ੍ਰਤੀਤ ਹੁੰਦੀ ਹੈ।


### ਗੁਰੂ ਰਵਿਦਾਸ ਜੀ ਦੀ ਹਾਦੀਆਬਾਦ ਯਾਤਰਾ

**(ਪਹਿਲੀ ਪੰਜਾਬ ਯਾਤਰਾ—2)** - ਗੁਰੂ ਰਵਿਦਾਸ ਮਹਾਰਾਜ ਜੀ ਦੇ ਅਲੌਕਿਕ ਪ੍ਰਕਾਸ਼ ਅਤੇ



ਪ੍ਰਵਚਨ ਸੁਣ ਕੇ ਕੁੱਲ ਲੋਕਾਈ ਊਰਜਾਵਾਨ ਹੋ ਗਈ। ਮੀਰ ਹੋਤਾ (ਲੁਧਿਆਣਾ) ਤੋਂ ਫਿਲੌਰ ਹੁੰਦੇ ਹੋਏ ਗੁਰੂ ਰਵਿਦਾਸ ਮਹਾਰਾਜ ਜੀ ਹਾਦੀਆਬਾਦ ਵਿਖੇ ਪਹੁੰਚ ਗਏ। ਹਾਦੀਆਬਾਦ ਉਸ ਸਮੇਂ ਦਾ ਪ੍ਰਾਚੀਨ ਸ਼ਹਿਰ ਸੀ ਜੋ ਲੁਧਿਆਣਾ-ਜਲੰਧਰ ਮਾਰਗ 'ਤੇ ਪੈਂਦਾ ਸੀ। ਫਗਵਾੜਾ ਅਜੇ 'ਫੱਗੂ ਦਾ ਵਾੜਾ' ਹੀ ਸੀ। ਗੁਰੂ ਜੀ ਦੀ ਸੰਤ ਮੰਡਲੀ ਵਿਚ ਸਤਿਗੁਰੂ ਕਬੀਰ, ਸਤਿਗੁਰੂ ਪੀਪਾ, ਸੰਤ ਸਾਈਂ ਦਾਸ ਤੇ ਸੇਵਕ ਸ੍ਰੀ ਜੀਵਨ ਦਾਸ, ਗੁਰਮੁਖਿ ਦਾਸ, ਅਨਮੋਲ ਆਦਿ ਸ਼ਾਮਲ ਸਨ। ਉਨ੍ਹਾਂ ਕੁਝ ਦਿਨ ਏਥੇ ਵਿਸ਼ਰਾਮ ਕੀਤਾ ਤੇ ਸੰਗਤਾਂ ਨੂੰ 'ਮਧੁਪ ਮਖੀਰੇ' ਦਾ ਉਪਦੇਸ਼ ਦਿੱਤਾ। ਉਨ੍ਹਾਂ ਦੀ ਇਸ ਫੇਰੀ ਨੂੰ ਮਹਾਤਮਾ ਹੀਰਾ ਦਾਸ ਜੀ ਨੇ ਆਪਣੀ ਪਸੰਦ ਦੀ ਥਾਂ ਮੰਦਰ ਉਸਾਰ ਕੇ ਮੂਰਤੀਮਾਨ ਕਰ ਦਿੱਤਾ ਹੈ। ਸ੍ਰੀ ਰਵਿਦਾਸ ਦੀਪ ਗ੍ਰੰਥ ਵਿਚ ਉਹ ਲਿਖਦੇ ਹਨ —

**ਬਹੁ ਦੇਸੋਂ ਕਾ ਸੈਲ ਕਰ, ਮਨ ਮਹਿ ਕੀਆ ਵਿਚਾਰ।**
**ਸਰਬ ਕਲਾ ਸਮਰਥ ਗੁਰ, ਤਾਂ ਕਾ ਨਹਿ ਦਰਬਾਰ।**
**ਸਰਧਾ ਹੀਨ ਸੁ ਲੋਕ ਹੈਂ, ਨਾਹਿ ਕਹੂੰ ਅਧਿਕਾਰ।**
**ਹੀਰਾ ਦਾਸ ਗੁਰ ਇਸਟ ਕੋ, ਰਚਹੂ ਮੈ ਦਰਬਾਰ।**



ਪਿੰਡ ਚੱਕ ਹਕੀਮ ਕੋਲੋਂ ਲੰਘਦੇ ਜੀ. ਟੀ. ਰੋਡ ਦੇ ਚੜ੍ਹਦੇ ਪਾਸੇ ਮਹਾਤਮਾ ਹੀਰਾ ਦਾਸ ਜੀ ਦਾ ਰਚਿਆ ਇਹ ਦਰਬਾਰ ਹੈ ਜੋ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਹਿਲੀ ਪੰਜਾਬ ਯਾਤਰਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਵੱਲੋਂ ਇਸ ਦੀ ਸਥਾਪਨਾ ਸੰਮਤ1945 ਬਿਕ੍ਰਮੀ ਸੰਨ 1888 ਈਸਵੀ ਵਿਚ ਕੀਤੀ ਗਈ ਸੀ। ਮੰਦਰ ਵਿਚ 'ਸ੍ਰੀ ਰਵਿਦਾਸ ਦੀਪ ਗ੍ਰੰਥ' ਦਾ ਪ੍ਰਕਾਸ਼ ਹੈ। ਇਸ ਮੰਦਰ ਦੇ ਅੰਦਰਲੇ ਕੰਧ ਚਿੱਤਰ ਉਸ ਸਮੇਂ ਦੀ ਉੱਤਮ ਕਲਾ ਦਾ ਨਮੂਨਾ ਹਨ। ਇਨ੍ਹਾਂ ਚਿੱਤਰਾਂ ਵਿਚ ਭਗਵਾਨ ਰਾਮ, ਸੀਤਾ, ਹਨੂੰਮਾਨ, ਰਾਵਣ, ਭੈਰੋਂ ਜਤੀ, ਨਾਰਦ ਆਦਿ ਹਿੰਦੂ ਦੇਵੀ-ਦੇਵਤਿਆਂ ਤੋਂ ਬਿਨਾਂ ਸਿੱਖ ਗੁਰੂ ਸਾਹਿਬਾਨ ਦੇ ਚਿੱਤਰ ਸਸ਼ੋਭਿਤ ਹਨ ਜੋ ਸਮਕਾਲੀ ਸੋਚ ਦੇ ਪ੍ਰਤੀਕ ਹਨ। ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁੱਖ ਚਿੱਤਰ ਉਪਰ ਬ੍ਰਹਮਾ, ਬਿਸਨੁ, ਮਹੇਸੁ ਦੇ ਚਿੱਤਰ ਉਲੀਕੇ ਗਏ ਹਨ। ਸਤਿਗੁਰੂ ਕਬੀਰ ਜੀ ਨੂੰ ਤਾਣੇ ਪੁਰ ਰੱਛ ਫੇਰਦੇ ਦਰਸਾਇਆ ਗਿਆ ਹੈ। ਮਹਾਤਮਾ ਹੀਰਾ ਦਾਸ ਜੀ ਅਤੇ ਉਨ੍ਹਾਂ ਦੇ ਸਮਕਾਲੀ ਸੰਤਾਂ ਮੋਦਰ, ਸ਼ਰਧਾ ਰਾਮ ਤੇ ਜਵਾਲਾ ਦਾਸ ਦੇ ਚਿੱਤਰ ਵੀ ਦੀਵਾਰਾਂ ਦੀ ਸ਼ੋਭਾ ਵਧਾ ਰਹੇ ਹਨ। ਏਥੇ ਨਿੱਕੀਆਂ ਇੱਟਾਂ ਦੀ ਇਕ ਖੂਹੀ ਵੀ ਮੌਜੂਦ ਹੈ, ਜੋ ਕਾਫੀ ਪੁਰਾਣੀ ਦੱਸੀ ਜਾਂਦੀ ਹੈ।

**ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ, ਫਗਵਾੜਾ** - ਮਹਾਤਮਾ ਹੀਰਾ ਦਾਸ ਵਲੋਂ ਉਸਾਰੇ ਦੇਹੁਰਾ ਗੁਰੂ ਰਵਿਦਾਸ ਮਹਾਰਾਜ ਜੀ ਦੇ ਲਹਿੰਦੇ ਪਾਸੇ ਜੀ.ਟੀ. ਰੋਡ ਉਪਰ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਤਰਾ ਨੂੰ ਮੂਰਤੀਮਾਨ ਕਰਦਾ '**ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ**' ਉਸਾਰੀ ਅਧੀਨ ਹੈ। ਇਸ ਵਿਸ਼ਾਲ ਮੰਦਰ ਦੀ ਉਸਾਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇਸ ਮੰਦਰ ਦੇ ਦਰਸ਼ਨਾਂ ਲਈ ਦੇਸ ਵਿਦੇਸ਼ ਤੋਂ ਸਰਧਾਲੂ ਆਉਂਦੇ ਹਨ। ਇਹ ਸੰਗਤਾਂ ਦੀ ਆਸਥਾ ਦਾ ਕੇਂਦਰ ਬਣ ਗਿਆ ਹੈ।

## ਗੁਰੂ ਰਵਿਦਾਸ ਮਹਾਰਾਜ ਜੀ ਦੀ ਪਿੰਡ ਡੰਡੇ ਦੀ ਫੇਰੀ

(**ਪਹਿਲੀ ਪੰਜਾਬ ਯਾਤਰਾ**-3) - ਗੁਰੂ ਰਵਿਦਾਸ ਮਹਾਰਾਜ ਜੀ ਦੀ ਆਮਦ ਨਾਲ ਆਸਾਂ ਦੀ ਨਵੀਂ ਕਿਰਨ ਜਾਗੀ। ਚਿਰਾਂ ਪਿੱਛੋਂ ਪੰਜਾਬ ਦੀ ਧਰਤੀ ਚਾਨਣ ਚਾਨਣ ਹੋਈ। ਅਲੌਕਿਕ ਸੰਤ ਮੰਡਲੀ ਦੇ ਇਲਾਹੀ ਪ੍ਰਵਚਨ ਸੁਣ ਕੇ ਕੁਲ ਲੋਕਾਈ ਨੂੰ ਰੱਬੀ ਸਕੂਨ ਪ੍ਰਾਪਤ ਹੋਇਆ। ਦਿਲਾਂ ਵਿਚੋਂ ਨਫ਼ਰਤ ਦੇ ਅਣੂ ਖਤਮ ਹੋ ਗਏ। ਚਹੁੰ ਕੂੰਟਾਂ ਵਿਚ ਸਾਂਝਾਂ ਦੀ ਸੁਗੰਧ ਫੈਲ ਗਈ। ਗੁਰੂ ਰਵਿਦਾਸ ਮਹਾਰਾਜ ਜੀ ਆਪਣੀ ਸੰਤ ਮੰਡਲੀ ਨਾਲ ਥਾਉਂ ਥਾਈਂ ਪੜਾਅ ਕਰਦੇ ਜਲੰਧਰ, ਜੰਡਿਆਲਾ, ਬੰਡਾਲਾ ਹੁੰਦੇ ਹੋਏ ਸਾਲ 1481ਈ. ਦੇ ਅਖੀਰ ਅਟਾਰੀ ਬਾਰਡਰ ਦੇ ਨਜ਼ਦੀਕ ਪਿੰਡ ਡੰਡਾ ਵਿਖੇ ਪਹੁੰਚ ਗਏ। ਡੰਡਾ ਪਿੰਡ ਅੰਮ੍ਰਿਤਸਰ ਤੋਂ 26 ਕਿਲੋਮੀਟਰ ਦੂਰ ਹੈ। ਗੁਰੂ ਜੀ ਦੀ ਆਮਦ ਸਮੇਂ ਅਜੇ ਅੰਮ੍ਰਿਤਸਰ ਸ਼ਹਿਰ ਨਹੀਂ ਵੱਸਿਆ ਸੀ। ਚਿਰਾਂ ਪਿੱਛੋਂ ਇਹ ਸ਼ਹਿਰ ਗੁਰੂ ਰਾਮਦਾਸ ਜੀ ਨੇ ਵਸਾਇਆ। ਅਜੋਕੇ ਜੀ.ਟੀ. ਰੋਡ 'ਤੇ ਸੁਸ਼ੋਭਿਤ ਗੋਲਡਨ ਗੇਟ ਪਾਰ ਕਰ ਕੇ ਅੰਮ੍ਰਿਤਸਰ ਦੇ ਖਾਲਸਾ ਕਾਲਜ ਅੱਗੋਂ ਹੁੰਦੇ ਹੋਏ ਪਿੰਡ ਡੰਡਾ ਪਹੁੰਚਿਆ ਜਾ ਸਕਦਾ ਹੈ। ਡੰਡਾ ਪਿੰਡ ਦੇ ਲਹਿੰਦੇ ਪਾਸੇ ਘੁੰਮਾਤੂ ਸੰਤ ਮੰਡਲੀਆਂ ਦਾ ਰਮਣੀਕ ਪੜਾਅ ਹੋਇਆ ਕਰਦਾ ਸੀ। ਗੁਰੂ ਜੀ ਦੀ ਆਮਦ ਨਾਲ ਇਸ ਸਥਾਨ ਨੂੰ ਹੋਰ ਭਾਗ ਲੱਗ ਗਏ। ਸੰਤ ਮੰਡਲੀਆਂ ਦਾ ਆਉਣ ਜਾਣ ਆਮ ਹੋ ਗਿਆ। ਉਨ੍ਹਾਂ ਏਥੇ ਦੋ ਦਿਨਾਂ ਤੱਕ ਸੰਗਤਾਂ ਨੂੰ ਹੱਕ ਸੱਚ ਤੇ ਸਤਿਨਾਮੁ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੇ ਦਰਸਾਏ ਮਾਰਗ ਨੂੰ ਪਿੱਛੋਂ ਸੰਤ ਮਨੀ ਰਾਮ ਜੀ ਨੇ ਅੱਗੇ ਤੋਰਿਆ। ਸੰਤ ਮਨੀ ਰਾਮ ਜੀ ਦੀ ਯਾਦ ਵਿਚ ਏਥੇ ਉਸਾਰਿਆ ਮੰਦਰ ਉਨ੍ਹਾਂ ਦੀ ਘਾਲਣਾ ਦੀ ਬਾਤ ਅੱਜ ਵੀ ਪਾ ਰਿਹਾ ਹੈ। ਉਨ੍ਹਾਂ ਪਿੱਛੋਂ ਸੰਤ ਮਾਨ ਦਾਸ, ਸੰਤ ਹਰੀ ਦਾਸ, ਸੰਤ ਤੋਤਾ ਦਾਸ, ਸੰਤ ਚੁੱਪ ਦਾਸ ਤੇ ਸੰਤ ਗਿਆਨ ਦਾਸ ਜੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਮਿਸਾਲਚੀ ਬਣੇ। ਇਨ੍ਹਾਂ ਪੰਜ ਪੂਰਨ ਸੰਤਾਂ ਦੀਆਂ ਸਮਾਧੀਆਂ ਇਸ ਧਰਮ ਅਸਥਾਨ ਦੇ ਵਿਹੜੇ ਵਿਚ ਸੁਸ਼ੋਭਿਤ ਹਨ। ਲੋਕਾਂ ਲਈ ਇਹ ਸਮਾਧੀਆਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹਨ। ਏਥੇ ਸਾਧੂ-ਸੰਤਾਂ ਤੇ ਸੰਗਤਾਂ ਦੇ ਜਲਪਾਨ ਲਈ ਲਗਾਈ ਪ੍ਰਾਚੀਨ ਖੂਹੀ ਅੱਜ ਵੀ ਮੌਜੂਦ ਹੈ। ਸ਼ਰਧਾਲੂ ਦੂਰੋਂ ਦੂਰੋਂ ਚੱਲ ਕੇ ਇਸ ਪਾਵਨ ਅਸਥਾਨ ਦੇ ਦਰਸ਼ਨ ਲਈ ਆਉਂਦੇ ਹਨ। ਇਸ ਸਥਾਨ 'ਤੇ ਗੁਰੂ ਜੀ ਦੀ ਫੇਰੀ ਨੂੰ ਜੀਵੰਤ ਰੂਪ ਦੇਣ ਲਈ 'ਗੁਰੂ ਰਵਿਦਾਸ ਜਨਮ ਉਤਸਵ ਕਮੇਟੀ, ਦਿੱਲੀ' ਵਲੋਂ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਇਕ ਸ਼ਾਨਦਾਰ ਮੰਦਰ ਦੀ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਮੰਦਰ ਅਜੇ ਉਸਾਰੀ ਅਧੀਨ ਹੈ। ਹੁਣ ਇਸ ਇਤਿਹਾਸਕ ਅਸਥਾਨ ਦੀ ਸੇਵਾ ਸੰਭਾਲ ਸ੍ਰੀ ਗੁਰੂ ਰਵਿਦਾਸ ਨੌਜਵਾਨ ਸੇਵਕ ਸਭਾ, ਪਿੰਡ ਡੰਡੇ ਵਲੋਂ ਕੀਤੀ ਜਾ ਰਹੀ ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੀ ਸੰਤ ਮੰਡਲੀ ਆਪਣੇ ਮਿਸ਼ਨ ਦੀ ਪੂਰਤੀ ਉਪਰੰਤ ਏਥੋਂ ਆਪਣੀ ਅਗਲੀ ਮੰਜ਼ਿਲ ਚੂਹੜਕਾਨਾ ਵੱਲ ਰਵਾਨਾ ਹੋ ਗਈ।

## ਗੁਰੂ ਰਵਿਦਾਸ ਮਹਾਰਾਜ ਜੀ ਦੀ ਸੁਲਤਾਨਪੁਰ ਲੋਧੀ ਦੀ ਫੇਰੀ

(**ਦੂਜੀ ਪੰਜਾਬ ਯਾਤਰਾ**-1) - ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੁੜਿਆ ਸ਼ਹਿਰ ਸੁਲਤਾਨਪੁਰ ਲੋਧੀ ਇਤਿਹਾਸ ਵਿਚ ਸਰਵਮਾਨਪੁਰ ਵਜੋਂ ਪ੍ਰਸਿੱਧ ਰਿਹਾ ਹੈ। ਕਦੇ ਛੀਟਾਂਵਾਲੀ ਤੇ ਪੀਰਾਂ ਪੁਰੀ ਵੀ ਇਸ ਦਾ ਨਾਮ ਹੁੰਦਾ ਸੀ। ਹਿਊਨ ਸਾਂਗ ਦੀਆਂ ਲਿਖਤਾਂ ਵਿਚ ਇਸ ਦੀ ਸੋਅ ਬੁੱਧ ਧਰਮ ਦੇ ਸਾਧਨਾ ਕੇਂਦਰ ਵਜੋਂ ਮਿਲਦੀ ਹੈ। ਚੀਨੀ ਯਾਤਰੀ ਯੁਆਂਗ-ਚੁਆਂਗ ਦੱਸ ਪਾਉਂਦਾ ਹੈ ਕਿ ਮਹਾਰਾਜਾ ਅਸ਼ੋਕ ਨੇ ਏਥੇ ਬੋਧੀ ਸਤੂਪ ਸਥਾਪਤ ਕੀਤਾ ਸੀ। 'ਅਭਿਨਵ ਪੁਸਤਵਾ' ਗ੍ਰੰਥ ਬੋਧੀ ਲੇਖਕ ਕਿਤਨਾਇਆ ਨੇ ਏਥੇ ਮੁਕੰਮਲ ਕੀਤਾ ਸੀ। ਦਾਰਾ ਸ਼ਿਕੋਹ ਤੇ ਔਰੰਗਜ਼ੇਬ ਦੀ ਮੁੱਢਲੀ ਪੜ੍ਹਾਈ ਵੀ ਏਸੇ ਥਾਂ ਹੋਈ ਦੱਸੀ ਜਾਂਦੀ ਹੈ। ਪ੍ਰਸਿੱਧ ਤਿਜਾਰਤੀ ਸ਼ਹਿਰ ਹੋਣ ਕਾਰਨ ਇਸ ਦੇ 32 ਬਾਜਾਰਾਂ ਤੇ 5600 ਦੁਕਾਨਾਂ ਨੂੰ ਲੁੱਟ ਕੇ ਮਹਿਮੂਦ ਗਜਨਵੀ ਨੇ ਬੋਧੀ ਤੇ ਹਿੰਦੂ ਸੰਸਕ੍ਰਿਤੀ ਦਾ ਮਲੀਆਮੇਟ ਕਰਨ ਲਈ ਸਾਰਾ ਸ਼ਹਿਰ ਫੂਕ ਦਿੱਤਾ ਸੀ। ਏਥੋਂ ਦੇ ਖੋਲ਼ਿਆਂ ਵਿਚੋਂ ਅੱਜ ਵੀ ਨਿਕਲਦੀ ਸੁਆਹ ਇਸ ਦੀ ਗਵਾਹੀ ਭਰਦੀ ਹੈ।

ਮੁਸਲਿਮ ਸਾਸ਼ਕਾਂ ਦੇ ਸਮੇਂ 1332 ਈ. ਦੌਰਾਨ ਪੰਜਾਬ ਦੇ ਸੂਬੇਦਾਰ ਦੇ ਪੁੱਤਰ ਸੁਲਤਾਨ ਖਾਂ ਨੇ ਇਸ ਨੂੰ ਮੁੜ ਆਬਾਦ ਕੀਤਾ। ਏਥੇ ਮੌਜੂਦਾ ਦਾਣਾ ਮੰਡੀ ਦੇ ਆਸਪਾਸ ਦੂਰ ਤੱਕ ਘਣਾ ਜੰਗਲ ਹੁੰਦਾ ਸੀ। ਇਤਿਹਾਸ ਵਿਚ ਇਸ ਦਾ ਜ਼ਿਕਰ ਤਾਮਸ-ਵਣ ਵਜੋਂ ਦਰਜ ਹੈ। ਏਥੇ ਹੀ ਬੋਧੀ ਭਿਖਸ਼ੂਆਂ ਤੇ ਸਾਧੂ-ਸੰਤਾਂ ਦੇ ਪਰਵਚਨਾਂ ਲਈ ਰਮਣੀਕ ਪੜਾਅ ਹੋਇਆ ਕਰਦਾ ਸੀ। ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਸੰਤ ਮੰਡਲੀ ਸਹਿਤ ਅਕਤੂਬਰ 1496 ਈ ਨੂੰ ਏਥੇ ਹੋਣ ਵਾਲੇ ਤਿੰਨ ਰੋਜ਼ਾ ਸੰਤ-ਸੰਮੇਲਨ ਵਿਚ ਹਿੱਸਾ ਲੈਣ ਲਈ ਲੁਧਿਆਣਾ, ਫਿਲੌਰ, ਨੂਰਮਹਿਲ, ਨਕੋਦਰ ਦੇ ਮਾਰਗ ਪਿੰਡ ਡੱਲਾ ਰਾਹੀਂ ਇਸ ਸਥਾਨ ਪੁਰ ਆਪਣੇ ਮੁਬਾਰਕ ਚਰਨ ਪਾਏ। ਹੱਕ ਸੱਚ ਦੀ ਆਵਾਜ਼ ਬੁਲੰਦ ਕਰਦਿਆਂ ਗੁਰੂ ਰਵਿਦਾਸ ਮਹਾਰਾਜ ਜੀ ਨੇ ਏਥੇ ਕਰਮਕਾਂਡੀ ਢਾਂਚੇ 'ਤੇ ਕਰਾਰਾ ਵਾਰ ਕੀਤਾ। ਸਵੈਮਾਣ ਤੇ ਸਾਂਝੀਵਾਲਤਾ ਨੂੰ ਉਨ੍ਹਾਂ ਰਸੀਲੀ ਜ਼ਿੰਦਗੀ ਦਾ ਗੁਰ ਦੱਸਿਆ। ਗੁਰੂ ਨਾਨਕ ਦੇਵ ਜੀ ਨੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਜੈਕਾਰਾ ਏਥੇ ਹੀ ਬੁਲੰਦ ਕੀਤਾ ਸੀ। ਅੱਜ ਕੱਲ ਏਥੇ ਗੁਰਦੁਆਰਾ ਸੰਤਘਾਟ ਸਾਹਿਬ ਸੁਭਾਇਮਾਨ ਹੈ। ਸੰਯੋਗ ਦੀ ਗੱਲ ਹੈ ਕਿ ਸੰਤਾਂ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ 'ਤੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਾਲੀ ਵੇਈਂ ਦੀ ਕਾਰ ਸੇਵਾ ਕਰ ਕੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਸੰਤਾਂ ਦੇ ਮਾਰਗ ਨੂੰ ਅਗਾਂਹ ਤੋਰਨ ਲਈ ਉਨ੍ਹਾਂ ਏਥੇ ਵਿਸ਼ਾਲ ਗੁਰਦੁਆਰਾ ਸਾਹਿਬ ਦੀ ਉਸਾਰੀ ਵੀ ਕਰਵਾਈ ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੀ ਫੇਰੀ ਸਮੇਂ ਦੀ ਇਕ ਨਿਸਾਨੀ ਗੁਰਦੁਆਰਾ ਬੇਰ ਸਾਹਿਬ ਜੀ ਤੋਂ ਥੋੜ੍ਹੀ ਦੂਰ 'ਹਦੀਰਾ' ਅੱਜ ਵੀ ਕਾਇਮ ਹੈ। ਖੰਡਰ ਹੋਏ ਇਸ ਹਦੀਰੇ ਨੂੰ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਨੇ ਮੁਰੰਮਤ ਕਰ ਕੇ ਇਸ ਦਾ ਪੁਰਾਤਨ ਸਰੂਪ ਬਹਾਲ ਕਰ ਦਿੱਤਾ ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੀ ਸੁਲਤਾਨਪੁਰ ਲੋਧੀ ਦੀ ਫੇਰੀ ਨੂੰ ਜੀਵੰਤ ਰੂਪ ਦੇਣ ਲਈ ਢੁੱਕਵੇਂ ਮੁਕਦਸ ਸਥਾਨ ਦੀ ਉਸਾਰੀ ਹੋਣਾ ਅਜੇ ਬਾਕੀ ਹੈ।

## ਗੁਰੂ ਰਵਿਦਾਸ ਮਹਾਰਾਜ ਜੀ ਦੀ ਜਨੌੜੀ ਪਿੰਡ ਦੀ ਫੇਰੀ

(**ਦੂਜੀ ਪੰਜਾਬ ਯਾਤਰਾ**-2) - ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਦੇ ਕਿਨਾਰੇ ਵਿਸ਼ਾਲ ਸੰਤ ਸੰਮੇਲਨ ਵਿਚ ਉਪਦੇਸ਼ ਕਰਨ ਉਪਰੰਤ ਗੁਰੂ ਰਵਿਦਾਸ ਮਹਾਰਾਜ ਜੀ ਬਟਾਲਾ, ਜੰਮੂ, ਚੰਬਾ, ਪਠਾਨਕੋਟ, ਢੋਲਵਾਹਾ ਹੁੰਦੇ ਹੋਏ ਸੰਨ 1499ਈ. ਨੂੰ ਪਿੰਡ ਜਨੌੜੀ ਪਹੁੰਚ ਗਏ। ਕਿਸੇ ਸਮੇਂ ਜਨਕਾਪੁਰੀ ਸਦਾਉਂਦਾ ਇਹ ਪਿੰਡ ਹੁਸ਼ਿਆਰਪੁਰ ਤੋਂ 27 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਹਰਿਆਣਾ ਤੋਂ ਇਸ ਦੀ ਦੂਰੀ 9 ਕਿਲੋਮੀਟਰ ਹੈ। ਇਹ ਰਾਜਪੂਤਾਂ ਦਾ ਪਿੰਡ ਹੋਣ ਕਾਰਨ ਏਥੇ ਛੂਤ-ਛਾਤ ਦਾ ਭਾਰੀ ਬੋਲਬਾਲਾ ਸੀ। ਹੋਰ ਪਾਬੰਦੀਆਂ ਦੇ ਨਾਲ ਨਾਲ ਸੂਦਰਾਂ ਨੂੰ ਤਾਲਾਬਾਂ ਤੋਂ ਪਾਣੀ ਭਰਨ ਦੀ ਮਨਾਹੀ ਸੀ। ਪਾਣੀ ਦੇ ਤਰਸੇਵੇਂ ਕਾਰਨ ਉਨ੍ਹਾਂ ਦਾ ਜੀਵਨ ਅਤਿਅੰਤ ਦੁੱਖਦਾਈ ਸੀ। ਗੁਰੂ ਰਵਿਦਾਸ ਮਹਾਰਾਜ ਜੀ ਨੇ ਉਨ੍ਹਾਂ ਦੇ ਦੁੱਖ ਨੂੰ ਗੰਭੀਰਤਾ ਨਾਲ ਜਾਣਿਆ ਅਤੇ ਪਿੰਡ ਤੋਂ ਦੂਰ ਲਹਿੰਦੇ ਪਾਸੇ ਬੋਹੜ ਤੇ ਪਿੱਪਲ ਹੇਠ ਆਸਣ ਲਗਾ ਲਿਆ। ਏਥੇ ਹੀ ਉਨ੍ਹਾਂ ਕੁਝ ਪੱਥਰ ਹਟਾ ਕੇ

ਸ਼ੂਦਰਾਂ ਲਈ ਇਕ ਛੋਟੇ ਤਾਲਾਬ ਦਾ ਨਿਰਮਾਣ ਕੀਤਾ। ਪਰ ਉਹ ਤਾਲਾਬ ਵੀ ਉਚ ਨੀਚ ਦੀ ਭੇਟ ਚੜ੍ਹ ਕੇ ਕਦੇ ਵੀ ਤਾਲਾਬ ਨਾ ਸਦਵਾ ਸਕਿਆ। ਬਸ 'ਚਮਾਰ ਛੱਪੜੀ' ਬਣ ਗਿਆ। ਸਦੀਆਂ ਤੀਕ ਇਹ ਛੱਪੜੀ ਗਰੀਬ ਲੋਕਾਂ ਦੀ ਪਿਆਸ ਬੁਝਾਉਂਦੀ ਰਹੀ। ਇਸ ਦੇ ਇਰਦ ਗਿਰਦ ਸੂਦਰਾਂ ਦੀ ਬਸਤੀ ਵੀ ਬਣ ਗਈ। ਸਮੇਂ ਦੇ ਗੇੜ ਨਾਲ ਆਦਮਪੁਰ, ਸ਼ਾਮ ਚੁਰਾਸੀ, ਹਰਿਆਣਾ, ਢੋਲਵਾਹਾ ਤੋਂ ਕਾਂਗੜੇ ਵੱਲ ਜਾਂਦੀ ਏਥੋਂ ਦੀ ਜਰਨੈਲੀ ਸੜਕ ਨਿਕਲ ਗਈ। ਗੁਰੂ ਜੀ ਦੇ ਫਲਸਫੇ ਦੇ ਧਾਰਨੀ ਡੋਗਰ ਸਾਹ ਨੇ ਲੋਕਾਂ ਦੀ ਸੁਵਿਧਾ ਲਈ ਏਥੇ ਖੂਹ ਲਗਵਾ ਦਿੱਤਾ। ਇਹ ਖੂਹ ਸਾਰੇ ਵਰਗਾਂ ਦੇ ਲੋਕਾਂ ਦੀ ਪਿਆਸ ਬੁਝਾਉਂਦਾ ਰਿਹਾ ਜੋ ਹੁਣ ਲਾਵਾਰਸੀ ਦੀ ਜੂੰਨ ਹੰਢਾ ਰਿਹਾ ਹੈ। ਗੁਰੂ ਜੀ ਦੀ ਵਰੋਸਾਈ ਛੱਪੜੀ ਪੂਰ ਕੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਉਸਾਰ ਦਿੱਤੀ ਗਈ ਹੈ। ਇਹ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ, ਚਮਾਰ ਛੱਪੜੀ ਵਜੋਂ 2022 ਤੱਕ ਚਲਦਾ ਰਿਹਾ। ਹੁਣ ਇਸ ਨੂੰ ਰਾਮਨਗਰ ਕਿਹਾ ਜਾਂਦਾ ਹੈ, 'ਚਮਾਰ ਛੱਪੜੀ' ਮਿਟਾ ਦਿੱਤਾ ਗਿਆ ਹੈ। ਇਸ ਨਾਲ ਗੁਰੂ ਰਵਿਦਾਸ ਮਹਾਰਾਜ ਜੀ ਦਾ ਇਤਿਹਾਸਕ ਸਥਾਨ ਅਲੋਪ ਹੋਣ ਦਾ ਵੱਡਾ ਖਦਸ਼ਾ ਹੈ।

ਗੁਰੂ ਰਵਿਦਾਸ ਮਹਾਰਾਜ ਜੀ ਨੇ ਜਿਸ ਬੋਹੜ ਤੇ ਪਿੱਪਲ ਹੇਠ ਆਸਣ ਲਗਾਇਆ ਸੀ; ਸੜਕ ਦੇ ਨਿਰਮਾਣ ਕਾਰਨ ਬੋਹੜ ਕੱਟ ਦਿੱਤੀ ਗਈ ਹੈ। ਪਿੱਪਲ ਨੇ ਆਪਣੀ ਬੁੱਕਲ ਵਿਚ ਗੁਰ ਇਤਿਹਾਸ ਨੂੰ ਸੰਭਾਲ ਰੱਖਿਆ ਹੈ। ਗੁਰੂ ਰਵਿਦਾਸ ਮਹਾਰਾਜ ਜੀ ਨਾਲ ਜੁੜੇ ਇਸ ਅਸਥਾਨ ਨੂੰ ਵਿਕਸਤ ਕਰਨ ਦੀ ਲੋੜ ਹੈ।

**ਗੁਰੂ ਰਵਿਦਾਸ ਮਹਾਰਾਜ ਜੀ ਦੀ ਖੁਰਾਲਗੜ੍ਹ ਸਾਹਿਬ ਵਿਖੇ ਫੇਰੀ**

(**ਦੂਜੀ ਪੰਜਾਬ ਯਾਤਰਾ**-3) - **ੳ— ਗੁਰੂ ਰਵਿਦਾਸ ਇਤਿਹਾਸ ਧਰਮ ਅਸਥਾਨ** :— ਜਨੌੜੀ ਪਿੰਡ ਤੋਂ ਮੰਜ਼ਿਲੋ-ਮੰਜ਼ਿਲ ਚਲਦੇ ਗੁਰੂ ਰਵਿਦਾਸ ਮਹਾਰਾਜ ਜੀ ਸੰਨ 1499 ਈ. ਵਿਚ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚ ਜਾਂਦੇ ਹਨ। ਇਹ ਪਾਵਨ ਅਸਥਾਨ ਗੜ੍ਹਸੰਕਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਲਗਭਗ 35 ਕਿਲੋਮੀਟਰ ਦੀ ਦੂਰੀ 'ਤੇ ਰਮਣੀਕ ਪਹਾੜੀਆਂ ਦੀ ਗੋਦ ਵਿਚ ਸਥਿਤ ਹੈ। ਸ੍ਰੀ ਖੁਰਾਲਗੜ੍ਹ ਸਾਹਿਬ ਦੇ ਉੱਤਰ ਪੂਰਬ ਵਿੱਚ ਹਿਮਾਚਲ ਪ੍ਰਦੇਸ਼ ਦੇ ਦਿਲਕਸ਼ ਪਹਾੜ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਹ ਪੰਜਾਬ ਦਾ ਆਖਰੀ ਪਿੰਡ ਹੈ ਜੋ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦਾ ਹੈ। ਗੁਰੂ ਜੀ ਨੇ ਆਪਣੀ ਸੰਤ ਮੰਡਲੀ ਨਾਲ ਇਸ ਪਾਵਨ ਅਸਥਾਨ ਪੁਰ ਕੁਝ ਦਿਨ ਵਿਸ਼ਰਾਮ ਕੀਤਾ। ਏਥੇ ਆਪਣੇ ਇਲਾਹੀ ਪ੍ਰਵਚਨਾਂ ਨਾਲ ਉਨ੍ਹਾਂ ਜੰਗਲ ਵਿੱਚ ਮੰਗਲ ਲਾ ਦਿੱਤਾ। ਕਰਮਕਾਂਡਾਂ ਨੂੰ ਫੋਕਟ ਕਰਮ ਦੱਸਦਿਆਂ ਉਨ੍ਹਾਂ ਕੁਲ ਲੋਕਾਈ ਨੂੰ ਇਕ ਪ੍ਰਭੂ ਦੀ ਭਗਤੀ ਨਾਲ ਜੋੜਿਆ। ਨਿਰਭੈ ਅਤੇ ਨਿਰਵੈਰ ਹੋ ਕੇ ਹੱਥੀਂ ਕਿਰਤ ਕਰਨ ਸੰਦੇਸ਼ ਦਿੱਤਾ।

ਗੁਰੂ ਰਵਿਦਾਸ ਮਹਾਰਾਜ ਜੀ ਦੀ ਆਮਦ ਨੂੰ ਮੂਰਤੀਮਾਨ ਕਰਦਾ ਪਿੰਡ ਵਿਚ ਇਕ ਵਿਸ਼ਾਲ ਗੁਰਦੁਆਰਾ ਸੁਸ਼ੋਭਿਤ ਹੈ। ਏਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਹੈ। ਦੇਸ ਵਿਦੇਸ਼ ਤੋਂ ਸੰਗਤਾਂ ਏਥੇ ਆ ਕੇ ਨਤਮਸਤਕ ਹੁੰਦੀਆਂ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਉਨ੍ਹਾਂ ਦੀ ਦੈਵੀ ਸ਼ਕਤੀ ਨਾਲ ਖਰਾਸ ਆਪਣੇ ਆਪ ਚੱਲਣ ਦੀ ਕਥਾ ਵੀ ਇਸ ਅਸਥਾਨ ਨਾਲ ਜੁੜੀ ਹੋਈ ਹੈ। ਆਈਆਂ ਸੰਗਤਾਂ ਲਈ ਏਥੇ ਰਾਤ ਠਹਿਰਨ ਅਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੈ। ਇਸ ਸਮੇਂ ਇਸ ਅਸਥਾਨ ਦੀ ਸੇਵਾ ਸੰਭਾਲ ਭਾਈ ਕੇਵਲ ਸਿੰਘ ਜੀ ਕਰ ਰਹੇ ਹਨ ਜਿਨ੍ਹਾਂ ਦਾ ਮੋਬਾਇਲ ਨੰਬਰ +91 94175 40489 ਹੈ।

**ਅ- ਗੁਰੂ ਰਵਿਦਾਸ ਯਾਦਗਾਰ ਮੀਨਾਰ-ਏ-ਬੇਗ਼ਮਪੁਰਾ** :— ਗੁਰੂ ਰਵਿਦਾਸ ਮਹਾਰਾਜ ਜੀ ਦੇ



ਫਲਸਫੇ ਨੂੰ ਅਗਾਂਹ ਤੋਰਨ ਲਈ ਪੰਜਾਬ ਸਰਕਾਰ ਵਲੋਂ ਉਪਰੋਕਤ ਅਸਥਾਨ ਤੋਂ 200 ਮੀਟਰ ਦੂਰ **'ਮੀਨਾਰ-ਏ-ਬੇਗ਼ਮਪੁਰਾ'** ਉਸਾਰੀ ਅਧੀਨ ਹੈ। ਗੁਰੂ ਜੀ ਦੀਆਂ ਜੀਵਨ ਝਲਕਾਂ ਦਰਸਾਉਂਦਾ ਇਹ ਇੱਕ ਅਜੂਬਾ ਹੋਵੇਗਾ। ਇਹ ਅਸਥਾਨ ਬੇਗ਼ਮਪੁਰਾ ਵਸਾਉਣ ਲਈ ਇਕ ਮੀਲ ਪੱਥਰ ਬਣੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਦੀਆਂ ਤੀਕ ਮਾਰਗ ਦਰਸ਼ਨ ਦਿੰਦਾ ਰਹੇਗਾ।

**ੲ- ਸ੍ਰੀ ਚਰਨ ਛੋਹ ਗੰਗਾ ਅੰਮ੍ਰਿਤ ਕੁੰਡ** :— ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ, ਅੰਮ੍ਰਿਤ ਕੁੰਡ, ਸੱਚਖੰਡ ਸਥਿਤ ਹੈ। ਏਥੇ ਵਿਸਾਲ ਹਾਲ ਵਿਚ ਗੁਰੂ ਰਵਿਦਾਸ ਮਹਾਰਾਜ ਜੀ ਦੀ ਸੁੰਦਰ ਮੂਰਤੀ ਸੁਸ਼ੋਭਿਤ ਹੈ। ਇਸ ਹਾਲ ਵਿਚ ਗੁਰੂ ਜੀ ਦੀ ਬਾਣੀ ਅਤੇ ਫਲਸਫੇ ਬਾਰੇ ਰੋਜ਼ਾਨਾ ਕਥਾ-ਵਿਚਾਰਾਂ ਹੁੰਦੀਆਂ ਹਨ। ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਇਸ ਅਸਥਾਨ ਦੇ ਦਰਸ਼ਨ ਦੀਦਾਰ ਲਈ ਆਉਂਦੀਆਂ ਹਨ। ਆਈਆਂ ਸੰਗਤਾਂ ਲਈ ਲੰਗਰ ਅਤੇ ਰਿਹਾਇਸ਼ ਦਾ ਏਥੇ ਉਚੇਚਾ ਪ੍ਰਬੰਧ ਹੈ।

ਏਥੇ ਹੀ ਗੁਰੂ ਰਵਿਦਾਸ ਜੀ ਵਲੋਂ ਸੰਗਤਾਂ ਦੀ ਸੁਵਿਧਾ ਲਈ ਪਾਣੀ ਦਾ ਚਸ਼ਮਾ ਪ੍ਰਗਟ ਕੀਤਾ ਦੱਸਿਆ ਜਾਂਦਾ ਹੈ। ਇਸ ਚਸ਼ਮੇ ਨੂੰ ਆਲੀਸ਼ਾਨ ਸਰੋਵਰ ਦਾ ਰੂਪ ਦੇ ਦਿੱਤਾ ਗਿਆ ਹੈ। ਜਿਸ ਵਿਚ ਪਵਿੱਤਰ ਜਲ ਦਾ ਚਸ਼ਮਾ ਅੱਜ ਵੀ ਚੱਲ ਰਿਹਾ ਹੈ। ਚਸ਼ਮੇ ਦਾ ਪਵਿੱਤਰ ਜਲ ਸੰਗਤਾਂ ਸ਼ਰਧਾ ਪੂਰਵਕ ਘਰ ਲੈ ਜਾਂਦੀਆਂ ਹਨ। ਸੰਗਤਾਂ ਦਾ ਵਿਸਵਾਸ਼ ਹੈ ਕਿ ਇਸ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਅਸਥਾਨ ਦੀ ਸੇਵਾ ਸੰਭਾਲ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਕੀਤੀ ਜਾਂਦੀ ਹੈ। ਇਸ ਸਮੇਂ ਇਸਦੀ ਇਸ ਅਸਥਾਨ ਦੀ ਸੇਵਾ ਸੰਭਾਲ ਸੰਤ ਸੁਰਿੰਦਰ ਦਾਸ ਜੀ ਕਰ ਰਹੇ ਹਨ ਜਿਨ੍ਹਾਂ ਦਾ ਮੋਬਾਇਲ ਨੰਬਰ +91 94170 57352 ਹੈ। ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਫਲਸਫ਼ੇ ਨਾਲ ਸੰਗਤਾਂ ਨੂੰ ਜੋੜਨ ਲਈ ਇਹ ਅਸਥਾਨ ਅਹਿਮ ਯੋਗਦਾਨ ਪਾ ਰਿਹਾ ਹੈ।

## ਸੰਸਥਾ ਦੇ ਅੱਗੇ ਵੱਧਦੇ ਕਦਮ

ਆਪ ਜੀ ਦੇ ਵਿਚਾਰਕ ਅਤੇ ਆਰਥਿਕ ਸਹਿਯੋਗ ਸਦਕਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਵਿਸ਼ਵ ਪੱਧਰ 'ਤੇ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਫਲਸਫੇ ਨੂੰ ਪ੍ਰਚਾਰਨ ਵਾਲੀ ਸਿਰਮੌਰ ਸੰਸਥਾ ਬਣ ਗਈ ਹੈ। ਸੰਸਥਾ ਨੇ ਹੁਣ ਤੱਕ ਗੁਰਬਾਣੀ ਦੇ ਲੱਖਾਂ ਗੁਟਕਾ ਸਾਹਿਬ, ਲੱਖਾਂ ਹੀ ਪੁਸਤਕਾਂ, ਟ੍ਰੈਕਟ ਅਤੇ ਕੈਲੰਡਰ ਪ੍ਰਕਾਸ਼ਿਤ ਕਰਕੇ ਸੰਗਤਾਂ ਨੂੰ ਪ੍ਰਦਾਨ ਕੀਤੇ ਹਨ। ਗੁਰੂ ਜੀ ਦੇ 650ਵੇਂ ਸ਼ਤਾਬਦੀ ਪ੍ਰਕਾਸ਼ ਦਿਹਾੜੇ ਸਬੰਧੀ 5500 ਵੱਡੇ ਅਤੇ ਵਿਆਖਿਆ ਸਹਿਤ ਹਿੰਦੀ ਗੁਟਕਾ ਸਾਹਿਬ ਅਤੇ 2000 ਪੰਜਾਬੀ ਬਹੁਤ ਸੁੰਦਰ ਰੰਗਦਾਰ ਸਫ਼ਰੀ ਗੁਟਕਾ ਸਾਹਿਬ, 6000 ਪੰਜਾਬੀ ਟ੍ਰੈਕਟ ਅਤੇ ਵਿਸ਼ੇਸ਼ ਤੌਰ ਤੇ 3000 ਹਿੰਦੀ ਟ੍ਰੈਕਟ ਵਾਰਾਨਸੀ ਦੀਆਂ ਸੰਗਤਾਂ ਵਾਸਤੇ, 1000 ਹਿੰਦੀ ਟ੍ਰੈਕਟ ਨਾਸਿਕ, ਮਹਾਰਾਸ਼ਟਰ, 1000 ਹਿੰਦੀ ਟ੍ਰੈਕਟ ਜਨਕਪੁਰੀ, ਉੜੀਸਾ, 1000 ਹਿੰਦੀ ਟ੍ਰੈਕਟ ਭੋਪਾਲ, ਮੱਧ ਪ੍ਰਦੇਸ਼ ਅਤੇ 1000 ਹਿੰਦੀ ਟ੍ਰੈਕਟ ਉੱਤਰ ਪ੍ਰਦੇਸ਼ ਦੀਆਂ ਸੰਸਥਾਵਾਂ ਦੀਆਂ ਤਸਵੀਰਾਂ ਤੇ ਗਤੀਵਿਧੀਆਂ ਪ੍ਰਕਾਸ਼ਿਤ ਕਰਕੇ ਉਨ੍ਹਾਂ ਨੂੰ ਭੇਜੇ ਗਏ ਹਨ। ਜੋ ਸੰਸਥਾ ਦੀ ਵੈੱਬਸਾਈਟ **www.begumpuramission.com** ਉਪਰ ਉਪਲੱਬਧ ਹਨ। ਇਹ ਸਾਰੇ ਕਾਰਜ ਆਪ ਜੀ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹ ਰਹੇ ਹਨ। ਕਿਰਪਾ ਕਰਕੇ ਆਪਣਾ ਕੀਮਤੀ ਵਿਚਾਰਕ ਅਤੇ ਆਰਥਿਕ ਸਹਿਯੋਗ ਹਮੇਸ਼ਾ ਜਾਰੀ ਰੱਖਣਾ ਜੀ। ਇਸ ਟ੍ਰੈਕਟ ਵਿੱਚ ਸੰਸਥਾ ਦੇ ਬੈਂਕ ਅਕਾਊਂਟ ਨੰਬਰ ਦੇ ਨਾਲ ਇਕ ਪੇ.ਟੀ.ਐਮ. ਸਕੈਨਰ ਕੋਡ ਵੀ ਦਿੱਤਾ ਹੈ। ਇਸ ਅਕਾਊਂਟ ਜਾਂ ਸਕੈਨਰ ਕੋਡ ਉੱਤੇ ਤੁਸੀਂ ਆਪਣੀ ਦਸਾਂ ਨੌਹਾਂ ਦੀ ਕਿਰਤ ਵਿੱਚੋਂ ਥੋੜ੍ਹਾ-ਬਹੁਤ ਆਰਥਿਕ ਸਹਿਯੋਗ ਜ਼ਰੂਰ ਭੇਜੋ ਜੀ। ਤੁਹਾਡਾ ਇਹ ਸਹਿਯੋਗ ਸਾਡੇ ਲਈ ਅੱਗੇ ਵਧਣ ਦੀ ਪ੍ਰੇਰਨਾ ਅਤੇ ਹੌਂਸਲਾ ਹੋਵੇਗਾ। ਧੰਨਵਾਦ ਸਹਿਤ।

**ਹਰਜਿੰਦਰ ਪਾਲ ਗੇਹਲੜਾਂ ਕੈਸ਼ੀਅਰ, ਮੋ. 98725 88620**



# ਸਤਿਗੁਰੂ ਰਵਿਦਾਸ ਬਾਣੀ ਵਿਚਾਰ

ਡਾ. ਜੀ.ਸੀ. ਕੌਲ
ਮੋਬਾਈਲ : 94632 23223

ਮਹਾਨ ਕਰਮਯੋਗੀ, ਸੰਤ ਸ਼੍ਰੋਮਣੀ, ਸਤਿਗੁਰੂ ਰਵਿਦਾਸ ਜੀ ਉਨ੍ਹਾਂ ਪ੍ਰਤਿਬੱਧ ਮਾਨਵਵਾਦੀ ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਰਹਿਬਰਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਆਪਣੀ ਮਧੁਰ, ਕੋਮਲ, ਤਰਕਸ਼ੀਲ ਅਤੇ ਪ੍ਰਭਾਵਸ਼ਾਲੀ ਬਾਣੀ ਦੁਆਰਾ ਸਮਕਾਲੀਨ ਸਮਾਜ ਵਿੱਚ ਪੈਦਾ ਹੋਈਆਂ ਕੁਰੀਤੀਆਂ ਜਾਤ-ਪਾਤ, ਛੂਆ-ਛੂਤ, ਵੈਰ-ਵਿਰੋਧ, ਸਮਾਜਿਕ ਅਸਮਾਨਤਾ, ਆਰਥਿਕ ਮੰਦਹਾਲੀ, ਪਰਾਧੀਨਤਾ ਅਤੇ ਮਾਨਵ ਵਿਰੋਧੀ ਸ਼ਕਤੀਆਂ ਖ਼ਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਆਪ ਨੇ ਸਦੀਆਂ ਤੋਂ ਲਤਾੜੇ, ਪਛਾੜੇ, ਦੁਰਕਾਰੇ ਅਤੇ ਹਾਸ਼ੀਏ ਉੱਪਰ ਸੁੱਟੇ ਲੋਕਾਂ ਨੂੰ ਨਾ ਸਿਰਫ ਸਹਾਰਾ ਹੀ ਦਿੱਤਾ, ਬਲਕਿ ਉਨ੍ਹਾਂ ਅੰਦਰ ਸਵੈਮਾਣ, ਸਵੈ-ਸਤਿਕਾਰ, ਸਵੈ-ਵਿਸਵਾਸ਼ ਅਤੇ ਸਵੈ-ਸ਼ਕਤੀ ਦਾ ਬੇਮਿਸਾਲ ਜਜ਼ਬਾ ਪੈਦਾ ਕੀਤਾ।

ਗੁਰੂ ਰਵਿਦਾਸ ਜੀ ਦਾ ਜੀਵਨਕਾਲ 14ਵੀਂ ਸਦੀ ਤੋਂ 16ਵੀਂ ਸਦੀ ਦੇ ਵਿਚਕਾਰਲਾ ਸਮਾਂ ਹੈ, ਜੋ ਸਾਡੇ ਦੇਸ ਵਿੱਚ ਘੋਰ ਨਿਰਾਸ਼ਾ ਦਾ ਸਮਾਂ ਸੀ। ਭਾਰਤ ਦੇ ਇਤਿਹਾਸ ਵਿੱਚ ਇਹ ਸਮਾਂ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਅਰਾਜਕਤਾ ਦਾ ਕਾਲ ਸੀ। ਦੇਸ ਉੱਤੇ ਕਾਬਜ਼ ਵਿਦੇਸ਼ੀ ਸਾਸ਼ਕ ਪੱਖਪਾਤੀ ਵਿਵਹਾਰ ਅਤੇ ਸੰਕੀਰਨ ਧਾਰਮਿਕ ਸੋਚ ਅਧੀਨ ਭਾਰਤੀਆਂ ਉੱਤੇ ਬੇਪਨਾਹ ਜ਼ੁਲਮ ਕਰ ਰਹੇ ਸਨ। ਸਾਰਾ ਦੇਸ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ ਅਤੇ ਵੱਖ-ਵੱਖ ਇਲਾਕਿਆਂ ਅਤੇ ਕਬੀਲਿਆਂ ਦੇ ਲੋਕ ਧਾਰਮਿਕ ਫੁੱਟ ਦਾ ਸ਼ਿਕਾਰ ਹੋਏ ਬੈਠੇ ਸਨ।

ਅਜਿਹੇ ਆਪਾ-ਧਾਪੀ ਅਤੇ ਹਨੇਰਗਰਦੀ ਦੇ ਯੁੱਗ ਵਿੱਚ ਭਾਰਤ ਦਾ ਪਛੜਿਆ ਅਛੂਤ ਸਮਾਜ ਦੂਹਰੀ ਗ਼ੁਲਾਮੀ ਦੇ ਪ੍ਰਭਾਵ ਅਧੀਨ ਅਤਿਅੰਤ ਦੁੱਖ, ਕਸ਼ਟ ਅਤੇ ਪੀੜਾ ਭਰਿਆ ਅਮਾਨਵੀ ਜੀਵਨ ਬਸਰ ਕਰ ਰਿਹਾ ਸੀ। ਰਾਜਨੀਤਿਕ ਸੱਤਾ ਉੱਤੇ ਕਾਬਜ਼ ਰਜਵਾੜਿਆਂ ਦੇ ਨਾਲ ਨਾਲ ਪ੍ਰੋਹਿਤਵਾਦ ਵੱਲੋਂ ਫੈਲਾਏ ਭਰਮਜਾਲ ਅਤੇ ਸਿਰਜੇ ਗਏ ਅਨੇਕਾਂ ਅਨੀਤੀਆਂ, ਅਸਮਾਨਤਾਵਾਂ ਅਤੇ ਸੁਰਤੀਆਂ ਨੇ ਵਰਣ ਵਿਵਸਥਾ ਅਧੀਨ ਸਾਹ-ਸਤਹੀਣ ਹੋਏ ਲੋਕਾਂ ਦਾ ਤਾਂ ਜੀਉਣਾ ਹੀ ਮਹਾਲ ਕੀਤਾ ਹੋਇਆ ਸੀ। ਅਜਿਹੇ ਘੋਰ ਸੰਕਟਗ੍ਰਸਤ ਸਮੇਂ ਸਤਿਗੁਰੂ ਰਵਿਦਾਸ ਜੀ ਨੇ ਨਾ ਸਿਰਫ ਸਦੀਆਂ ਤੋਂ ਸਤਾਏ ਪੀੜਤ ਵਰਗ ਦੀ ਬਾਂਹ ਫੜੀ, ਉਨ੍ਹਾਂ ਦਾ ਸਹਾਰਾ ਬਣੇ, ਬਲਕਿ ਸ਼ਾਸਕ ਵਰਗ ਸਮੇਤ ਸਮੁੱਚੇ ਭਾਰਤੀ ਸਮਾਜ ਵਿੱਚ ਸਮਨਵੈ, ਸਮਾਨਤਾ ਅਤੇ ਸਾਂਝੀਵਾਲਤਾ ਦੀ ਸ਼ਕਤੀ ਦਾ ਸੰਚਾਰ ਕਰਕੇ ਸੁੱਚੀਆਂ ਸਦਾਚਾਰਕ ਕੀਮਤਾਂ ਨੂੰ ਪੁਨਰ ਸੁਰਜੀਤ ਕੀਤਾ।

ਗੁਰੂ ਰਵਿਦਾਸ ਜੀ ਦਾ ਆਗਮਨ ਬਨਾਰਸ ਵਿਖੇ ਉਸ ਵਰਗ ਵਿੱਚ ਹੋਇਆ, ਜਿਸ ਨੂੰ ਭਾਰਤੀ ਵਰਣ-ਵਿਵਸਥਾ ਅਧੀਨ ਸ਼ੂਦਰ ਤੋਂ ਵੀ ਨੀਚੇ ਅਛੂਤ ਮੰਨਿਆ ਗਿਆ ਹੈ। ਅਖੌਤੀ ਚਤੁਰ ਤੇ ਸ਼ਾਤਰ ਦਿਮਾਗਾਂ ਨੇ ਭਾਰਤੀ ਸਮਾਜ ਨੂੰ ਚਾਰ ਵਰਗਾਂ ਵਿੱਚ ਵੰਡ ਕੇ ਕਥਿਤ ਧਰਮ-ਸਾਸ਼ਤਰਾਂ ਦੇ ਅਨਿਆਏ-ਪੂਰਣ ਆਦੇਸ਼ਾਂ ਰਾਹੀਂ ਪੂਰੇ ਭਾਰਤ ਵਿੱਚ ਅਜਿਹੀ ਨਫ਼ਰਤ ਪੈਦਾ ਕੀਤੀ



ਕਿ ਅੱਜ ਵੀ ਅਛੂਤਾਂ ਤੇ ਉਨ੍ਹਾਂ ਲਈ ਨਿਰਧਾਰਤ ਕਿੱਤਿਆਂ ਨੂੰ ਘਿਰਣਾ ਅਤੇ ਹਿਕਾਰਤ ਦੀ ਦ੍ਰਿਸ਼ਟੀ ਨਾਲ ਹੀ ਦੇਖਿਆ ਜਾਂਦਾ ਹੈ। ਗੁਰੂ ਜੀ ਦੀ ਬਾਣੀ ਵਿੱਚੋਂ ਅਜਿਹੀ ਪੀੜਾ ਦੀਆਂ ਅਨੇਕਾਂ ਵਿਅੰਜਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

**ਮੇਰੀ ਜਾਤ ਕੁਟ ਬਾਂਡਲਾ, ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ ॥**

ਗੁਰੂ ਰਵਿਦਾਸ ਜੀ ਦੀ ਬਾਣੀ ਦਲਿਤ ਪੀੜਾ ਅਤੇ ਦਲਿਤ ਚੇਤਨਾ ਦੀ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਨਾ ਸਿਰਫ **'ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ'** ਅਤੇ **'ਜਾ ਕੀ ਛੋਤਿ ਜਗਤ ਕਉ ਲਾਗੈ'** ਦੀ ਪੀੜਾ ਦੇ ਸੱਚ ਨੂੰ ਪ੍ਰਸਤੁਤ ਕਰਦੀ ਹੈ, ਬਲਕਿ ਆਪਨ ਬਾਪੈ ਨਾਹੀ ਕਿਸੀ ਕੋ, ਭਾਵਨ ਕੋ ਹਰਿ ਰਾਜਾ ਕਹਿ ਰਾਹੀਂ ਪ੍ਰਭੂ-ਭਗਤੀ ਦੇ ਮਨੁੱਖੀ ਅਧਿਕਾਰ ਨੂੰ ਦਰਸਾਉਂਦੀ ਹੋਈ ਅਖੌਤੀ ਧਰਮ-ਸਾਸ਼ਤਰਾਂ ਦੇ ਆਦੇਸ਼ਾਂ ਨੂੰ ਵੀ ਚੈਲੈਂਜ ਕਰਦੀ ਹੈ। ਗੁਰੂ ਰਵਿਦਾਸ ਚਿੰਤਨ ਗਲਤ ਚੇਤਨਾ ਦੁਆਰਾ ਸਦੀਆਂ ਤੋਂ ਲਿਤਾੜੇ ਵਰਗ ਦੇ ਲੋਕਾਂ ਨੂੰ ਭਾਰਤੀ ਸਮਾਜ ਦਾ ਨਵਾਂ ਨਿਰਮਾਣ ਕਰਕੇ ਅਤੇ ਸਮੁੱਚੀ ਮਾਨਵਤਾ ਲਈ ਪਿਆਰ, ਸਤਿਕਾਰ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਦੇ ਭਾਵ ਪੈਦਾ ਕਰਕੇ **'ਸਤਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ'** ਦੇ ਦ੍ਰਿਸ਼ਟਾਂਤ ਰਾਹੀਂ ਇੱਕ ਸੁਚੱਜਾ ਜਥੇਬੰਧਕ ਸਮਾਜ ਸਿਰਜਣ ਦੀ ਪ੍ਰੇਰਣਾ ਦਿੰਦਾ ਹੈ।

ਆਪ ਜੀ ਦਾ ਤੇਜਸਵੀ ਵਿਅਕਤਿਤਵ ਸਦੀਆਂ ਤੋਂ ਪੀੜਤ ਜਨ-ਸਧਾਰਨ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ ਇਕ ਅਜਿਹਾ ਸੁਨੇਹਾ, ਜਿਸ ਨੇ ਭਵਿੱਖ ਵਿੱਚ ਰੂੜ੍ਹੀਵਾਦੀ ਸਮਾਜ ਵੱਲੋਂ ਵਲੀਆਂ ਜੰਜ਼ੀਰਾਂ ਨੂੰ ਤੋੜ ਕੇ ਇੱਕ ਨਵੀਂ ਸਮਾਜਕ ਸਿਰਜਣਾ ਕੀਤੀ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਗਰੀਬ, ਹੰਭੇ ਹੋਏ ਨਿਰਾਸ਼ ਲੋਕਾਂ ਪ੍ਰਤੀ ਸਮਰਪਿਤ ਸੀ, ਜਿਨ੍ਹਾਂ ਤੋਂ ਜ਼ਿੰਦਗੀ ਜੀਊਣ ਦਾ ਹੱਕ ਖੋਹ ਲਿਆ ਗਿਆ ਸੀ ਅਤੇ ਜਿਨ੍ਹਾਂ ਨੂੰ ਨਿਰਾਦਰੀ ਤੇ ਬੇਇਜ਼ਤੀ ਵਾਲਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਕੀਤਾ ਗਿਆ ਸੀ। ਤਥਾਗਤ ਬੁੱਧ ਤੋਂ ਸਦੀਆਂ ਬਾਅਦ ਭਾਰਤ ਦੇ ਦੱਬੇ-ਕੁਚਲੇ, ਪਦਦਲਿਤ ਤੇ ਪਛਾੜੇ ਹੋਏ ਲੋਕਾਂ ਨੂੰ ਗੁਰੂ ਰਵਿਦਾਸ ਜੀ ਦੇ ਰੂਪ ਵਿੱਚ ਆਪਣਾ ਰਹਿਨੁਮਾ ਮਿਲਿਆ, ਜੋ ਉਨ੍ਹਾਂ ਦੇ ਦੁੱਖਾਂ, ਦਰਦਾਂ ਅਤੇ ਪੀੜਾਂ ਦੇ ਯਥਾਰਥ ਨੂੰ ਨਾ ਕੇਵਲ ਸਮਝਦਾ ਹੀ ਸੀ, ਬਲਕਿ ਉਸ ਨੇ ਖੁਦ ਆਪਣੇ ਪਿੰਡੇ ਉੱਤੇ ਇਹ ਦਰਦ ਸਹਿਣ ਕੀਤੇ ਸਨ। ਅਛੂਤ ਵਰਗ ਵਿੱਚ ਪੈਦਾ ਹੋ ਕੇ ਉੱਚ ਵਰਗ ਲਈ ਪ੍ਰਕਾਸ਼-ਸਤੰਭ ਬਣਨ ਵਾਲੇ ਇਸ ਕ੍ਰਾਂਤੀਕਾਰੀ ਰਹਿਬਰ ਨੇ ਆਪਣੀ ਬਾਣੀ ਰਾਹੀਂ ਇਸ ਧਰਤੀ ਉੱਤੇ ਸਮਾਜਵਾਦੀ ਲੋਕਤੰਤਰ ਦਾ ਸੰਕਲਪ ਪੇਸ਼ ਕੀਤਾ ਅਤੇ ਮਿਹਨਤਕਸ਼ਾਂ ਦੀ ਲੁੱਟੀ ਜਾ ਰਹੀ ਕਿਰਤ ਵਿਰੁੱਧ ਜਨ-ਚੇਤਨਾ ਪੈਦਾ ਕੀਤੀ।

ਗੁਰੂ ਰਵਿਦਾਸ ਜੀ ਦਾ ਚੇਤਨਾ ਮਾਰਗ ਬਹੁਤ ਸਰਲ, ਸਾਦਾ, ਸਮਨਵਈ, ਅਡੰਬਰ ਰਹਿਤ ਅਤੇ ਕਰਮਕਾਂਡ-ਵਿਰੋਧੀ ਮਾਰਗ ਹੈ। ਆਪਣੇ ਅਨੁਭਵ, ਉੱਚ ਗਿਆਨ ਅਤੇ ਤਰਕਸ਼ੀਲ ਸੋਚ ਰਾਹੀਂ ਆਪ ਨੇ ਅੰਧ-ਵਿਸਵਾਸ਼ਾਂ, ਵਹਿਮਾਂ-ਭਰਮਾਂ, ਜੰਤਰ-ਮੰਤਰਾਂ, ਤੀਰਥਾਂ, ਵਰਤਾਂ, ਜੋਗ ਵਿਦਿਆ, ਮੂਰਤੀ ਪੂਜਾ, ਜੰਜੂ, ਦੀਪ-ਅਰਚਨਾ ਅਤੇ ਊਚ-ਨੀਚ ਦਾ ਪ੍ਰਕਟ ਖੰਡਨ ਕੀਤਾ।

ਸਮਕਾਲੀਨ ਧਰਮ ਵਿੱਚ ਪ੍ਰਚਲਿਤ ਆਰਤੀ, ਅਰਥਾਤ ਮੂਰਤੀ ਪੂਜਾ ਨੂੰ ਆਪ ਨੇ **'ਝੂਠੇ ਸਗਲ ਪਾਸਾਰੇ'** ਕਹਿ ਕੇ ਕੇਵਲ ਇੱਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਨ ਦੌਰਾਨ ਅਖੌਤੀ ਦੇਵਤਿਆਂ ਨੂੰ ਸੁੱਚੇ ਜਲ, ਫੁੱਲ ਅਤੇ ਦੁੱਧ ਆਦਿ ਨਾਲ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਢੰਗ ਨੂੰ ਆਪ ਨੇ ਕੇਵਲ ਅਡੰਬਰ ਦੱਸਿਆ।

**'ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ'** ਆਖ ਕੇ ਨਸ਼ਿਆਂ ਦੇ ਸੇਵਨ ਤੋਂ ਪਰਹੇਜ, ਸਾਦੀ ਰਹਿਣੀ-

ਬਹਿਣੀ ਅਤੇ **‘ਸਤਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ’** ਦੇ ਦ੍ਰਿਸ਼ਟਾਂਤ ਰਾਹੀਂ ਸੱਭਿਅਕ ਮਨੁੱਖ ਅਤੇ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ।

ਅੱਜ ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲੇ ਹੋਏ ਰੂਪ ਵਿੱਚ ਅੱਜ ਵੀ ਮੌਜੂਦ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿੱਚ ਸਮਾ ਗਿਆ ਹੈ। ਸਤਿਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫ਼ੇ ਨੂੰ ਸੰਕੀਰਨ ਦਾਇਰਿਆਂ ਵਿੱਚ ਕੈਦ ਕੀਤਾ ਜਾ ਰਿਹਾ ਹੈ।

ਸਵਾਰਥੀ ਰੁਚੀਆਂ ਦੇ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਆਗ ਕੇ ਜਿਸ ਰੂੜ੍ਹੀਵਾਦ, ਕਰਮਕਾਂਡ, ਅਡੰਬਰ ਅਤੇ ਪਖੰਡ ਦਾ ਗੁਰੂ ਜੀ ਨੇ ਖੰਡਨ ਅਤੇ ਵਿਰੋਧ ਕੀਤਾ ਸੀ, ਅਸੀਂ ਸਾਰਿਆਂ ਨੇ ਉਸ ਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਹੈ। ਸਾਨੂੰ ਚਾਹੀਦਾ ਹੈ ਕਿ ਗੁਰੂ ਜੀ ਦੀ ਇਨਕਲਾਬੀ, ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਅਤੇ ਵਿਵਹਾਰਕ ਤੌਰ ’ਤੇ ਆਪਣੇ ਜੀਵਨ ਵਿੱਚ ਧਾਰਨ ਕਰੀਏ।

## ਗੁਰੂ ਰਵਿਦਾਸ ਜੀ ਦਾ ਬੇ.ਗਮਪੁਰਾ : ਡਰ, ਦੁੱਖ ਅਤੇ ਭੇਦਭਾਵ ਤੋਂ ਰਹਿਤ ਸਮਾਜ ਦੇ ਸੁਪਨੇ ਦਾ ਸੰਕਲਪ



ਪ੍ਰੇਮ ਕੁਮਾਰ ਚੁੰਬਰ
(ਸੰਪਾਦਕ: ਦੇਸ ਦੁਆਬਾ (ਪੰਜਾਬੀ ਅਖਬਾਰ) Ambedkar Times (English Newspaper)
(www.ambedkartimes.com), 001-916-947-8920

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ 649ਵਾਂ ਆਗਮਨ ਪੁਰਬ ਅੱਜ ਦੁਨੀਆਂ ਭਰ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਰਵਿਦਾਸ ਜੀ ਉੱਤਰੀ ਭਾਰਤ ਦੇ ਮੱਧਯੁਗੀ ਭਗਤੀ ਅਤੇ ਇਨਕਲਾਬੀ ਅੰਦੋਲਨ ਦੇ ਇੱਕ ਮਹਾਨ ਸ਼੍ਰੋਮਣੀ ਸੰਤ, ਗੁਰੂ, ਸਤਿਗੁਰੂ ਅਤੇ ਮਾਰਗਦਰਸ਼ਕ ਸਨ। ਉਹ ਭਾਰਤ ਦੀ ਉਸ ਜਾਤ ਨਾਲ ਸਬੰਧਤ ਸਨ, ਜਿਸਨੂੰ ਸਮਾਜ ਵਿੱਚ ਨੀਵੀਂ ਕਹੀ ਜਾਂਦੀ ਚਮਾਰ ਜਾਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਖੌਤੀ ਉੱਚ ਜਾਤੀਆਂ, ਜੋ ਆਪਣੇ ਆਪ ਨੂੰ ‘ਸਵਰਨ’ ਕਹਿੰਦੀਆਂ ਸਨ, ਇਸ ਜਾਤ ਅਤੇ ਇਸ ਨਾਲ ਜੁੜੇ ਵਿਅਕਤੀਆਂ ਨਾਲ ਸਪਰਸ਼ ਹੋਣ ’ਤੇ ਆਪਣੇ ਆਪ ਨੂੰ ਭਿੱਟਿਆ ਹੋਇਆ ਸਮਝਦੀਆਂ ਸਨ।

ਗੁਰੂ ਰਵਿਦਾਸ ਜੀ ਨੇ ਛੂਤ-ਛਾਤ ਦੀ ਅਨਿਆਈ ਪ੍ਰਣਾਲੀ ਦੇ ਵਿਰੁੱਧ ਸਿੱਧਾ ਅਤੇ ਦ੍ਰਿੜ੍ਹ ਹਮਲਾ ਕੀਤਾ। ਉਨ੍ਹਾਂ ਨੇ ਪਰਮਾਤਮਾ ਤੱਕ ਪਹੁੰਚਣ ਲਈ ਬ੍ਰਾਹਮਣੀ ਵਿਚੋਲੇ ਦੀ ਪਰੰਪਰਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਗੁਰੂ ਜੀ ਦਾ ਸਪੱਸ਼ਟ ਮੱਤ ਸੀ ਕਿ ਪ੍ਰਭ ਤੱਕ ਪਹੁੰਚਣ ਲਈ ਕਿਸੇ ਮਨੁੱਖ ਨੂੰ ਨਾ ਤਾਂ ਆਪਣੀ ਜਾਤ ਲੁਕਾਉਣ ਦੀ ਲੋੜ ਹੈ ਅਤੇ ਨਾ ਹੀ ਆਪਣੇ ਨੀਵਾਂ ਕਹੇ ਜਾਣ ਵਾਲੇ ਪੇਸ਼ੇ ਨੂੰ ਤਿਆਗਣ ਦੀ।

ਉਹ ਬ੍ਰਾਹਮਣਵਾਦੀ ਸਮਾਜਿਕ ਵਿਵਸਥਾ ਦੀ ਦਰਜਾਬੰਦੀ ਨਾਲ ਬਣੀਆਂ ਰੁਕਾਵਟਾਂ ਨੂੰ ਢਾਹ ਕੇ, ‘ਬੇ.ਗਮਪੁਰਾ’ ਜਿਸ ਵਿੱਚ ਡਰ, ਦੁੱਖ ਅਤੇ ਜ਼ੁਲਮ ਤੋਂ ਰਹਿਤ ਸਮਾਨਤਾ-ਅਧਾਰਿਤ ਰਾਜ ਦੇ ਸੰਕਲਪ ਨੂੰ ਪ੍ਰਸਤੁਤ ਕਰਨ ਵਾਲੇ ਦੁਨੀਆਂ ਦੇ ਮਹਾਨ ਮਾਰਗਦਰਸ਼ਕ ਬਣੇ। ਗੁਰੂ ਰਵਿਦਾਸ ਜੀ



ਨੇ ਇਮਾਨਦਾਰ ਕਿਰਤ ਨੂੰ ਸ਼ਕਤੀਕਰਨ ਦਾ ਸਰੋਤ ਦੱਸਦਿਆਂ ਕਿਰਤ ਦੇ ਮਰਤਬੇ ਨੂੰ ਉੱਚਾ ਕੀਤਾ। ਉਨ੍ਹਾਂ ਨੇ ਦਾਨ, ਕਿਰਪਾ ਜਾਂ ਚਮਤਕਾਰੀ ਢੰਗ ਨਾਲ ਪ੍ਰਾਪਤ ਦੌਲਤ ’ਤੇ ਨਿਰਭਰ ਰਹਿਣ ਦੀ ਧਾਰਨਾ ਨੂੰ ਸਪੱਸ਼ਟ ਤੌਰ ’ਤੇ ਅਸਵੀਕਾਰ ਕੀਤਾ।

ਇੱਕ ਰਸਮੀ ਤੌਰ ’ਤੇ ਆਯੋਜਿਤ ਸਾਸ਼ਤਰਾਰਥ ਵਿੱਚ ਪ੍ਰਸਿੱਧ ਕਾਂਸ਼ੀ ਦੇ ਪੰਡਤਾਂ ਨੂੰ ਪਰਾਜਿਤ ਕਰਕੇ, ਗੁਰੂ ਰਵਿਦਾਸ ਜੀ ਨੇ ਸਾਬਤ ਕਰ ਦਿੱਤਾ ਕਿ ਯੋਗਤਾ ਅਤੇ ਗਿਆਨ ਕਿਸੇ ਅਖੌਤੀ ਉੱਚ ਜਾਤ ਦੀ ਜਾਗੀਰ ਨਹੀਂ। ਹਰ ਮਨੁੱਖ ਪ੍ਰਭੂ ਦਾ ਸਿਮਰਨ ਕਰਨ ਦੇ ਸਮਰੱਥ ਹੈ। ਹਿੰਦੂ ਸਮਾਜ ਦੀ ਵਰਣ ਵੰਡ ਪ੍ਰਣਾਲੀ ਇੱਕ ਵੱਡਾ ਭਰਮ ਹੈ, ਜਿਸਦੇ ਆਧਾਰ ’ਤੇ ਭਾਰਤੀ ਸਮਾਜ ਦੇ ਵੱਡੇ ਹਿੱਸੇ ਨੂੰ ਅਖੌਤੀ ਬ੍ਰਾਹਮਣਾਂ ਦੁਆਰਾ ਘੜੇ ਗਏ ‘ਸ਼ੁੱਧਤਾ-ਪ੍ਰਦੂਸ਼ਣ’ ਦੇ ਸਿਧਾਂਤ ਦੇ ਨਾਂ ’ਤੇ ਮਾਨਸਿਕ ਅਤੇ ਸਰੀਰਕ ਗੁਲਾਮੀ ਹੇਠ ਰੱਖਿਆ ਗਿਆ।

ਇਸ ਅਨਿਆਈ ਅਤੇ ਧਾਰਮਿਕਤਾ ਦੇ ਨਾਮ ’ਤੇ ਥੋਪੀ ਗਈ ਸਮਾਜਿਕ ਵਿਭਿੰਨਤਾ ਦੀ ਪ੍ਰਣਾਲੀ ਦੇ ਵਿਰੁੱਧ ਹੀ ਗੁਰੂ ਰਵਿਦਾਸ ਜੀ ਨੇ ਇੱਕ ਅਜਿਹੇ ਸਮਾਜ ਅਤੇ ਰਾਜ ਦੀ ਕਲਪਨਾ ਕੀਤੀ ਸੀ, ਜਿੱਥੇ ਛੂਤ-ਛਾਤ, ਜ਼ੁਲਮ ਅਤੇ ਭੇਦਭਾਵ ਲਈ ਕੋਈ ਥਾਂ ਨਾ ਹੋਵੇ।

ਸਮਾਜਕ ਪਰਿਵਰਤਨ ਨੂੰ ਅਮਲੀ ਰੂਪ ਦੇਣ ਲਈ, ਗੁਰੂ ਰਵਿਦਾਸ ਜੀ ਨੇ ਮਨੁੱਖੀ ਜੀਵਨ ਦੇ ਮੂਲ ਮੁੱਲਾਂ ਕਿਰਤ, ਦਇਆ, ਨੇਕੀ, ਨੈਤਿਕਤਾ ਅਤੇ ਸ਼ਰਾਬ ਵਰਗੀਆਂ ਨਸ਼ੀਲੀਆਂ ਵਸਤੂਆਂ ਤੋਂ ਦੂਰ ਰਹਿਣ ਉੱਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨੇ ਮਨੁੱਖ ਨੂੰ ਹਰ ਕਿਸਮ ਦੇ ਮਾੜੇ ਕਰਮਾਂ ਤੋਂ ਬਚ ਕੇ ਸੱਚ, ਇਮਾਨਦਾਰੀ ਅਤੇ ਸਾਦਗੀ ਭਰਿਆ ਜੀਵਨ ਜੀਊਣ ਦੀ ਪ੍ਰੇਰਣਾ ਦਿੱਤੀ। ਇਸ ਦੇ ਨਾਲ ਹੀ, ਉਨ੍ਹਾਂ ਨੇ ਨਿਰਾਕਾਰ ਪਰਮਾਤਮਾ ਦੇ ਸਿਮਰਨ ਦੀ ਅਤਿ-ਆਵਸਕ ਲੋੜ ਨੂੰ ਉਜਾਗਰ ਕੀਤਾ, ਜਿਸਨੂੰ ਉਹ ਵੱਖ-ਵੱਖ ਨਾਵਾਂ ਨਾਲ ਸੰਬੋਧਿਤ ਕਰਦੇ ਸਨ, ਪਰ ਜਿਸ ਦਾ ਸਰੂਪ ਇੱਕੋ ਹੀ ਸੀ।

ਗੁਰੂ ਰਵਿਦਾਸ ਜੀ ਨੇ ਉਸ ਸਮੇਂ ਦੀ ਬ੍ਰਾਹਮਣਵਾਦੀ, ਕਰਮਕਾਂਡੀ ਅਤੇ ਮਨੁੱਖਤਾ ਵਿਰੋਧੀ ਸਮਾਜਿਕ ਵਿਵਸਥਾ ਦੇ ਵਿਰੁੱਧ ਨਿਰਭਉ ਹੋ ਕੇ ਆਵਾਜ਼ ਉਠਾਈ। ਉਨ੍ਹਾਂ ਨੇ ਸਦੀਆਂ ਤੋਂ ਪੀੜਤ ਅਤੇ ਦਬੇ-ਕੁਚਲੇ ਵਰਗਾਂ ਨੂੰ ਸੰਗਠਿਤ ਕਰਕੇ ਉਨ੍ਹਾਂ ਵਿੱਚ ਆਤਮ-ਗੌਰਵ, ਚੇਤਨਾ ਅਤੇ ਅਧਿਕਾਰਾਂ ਦੀ ਭਾਵਨਾ ਜਗਾਈ। ਸੱਚਾਈ ਉੱਪਰ ਨਿਰਭਉ ਅਤੇ ਨਿਰਵੈਰ ਹੋ ਕੇ ਡੱਟ ਕੇ ਖੜ੍ਹੇ ਰਹਿਣ ਦਾ ਨਤੀਜਾ ਹੀ ਸੀ ਕਿ ਨਾ ਸਿਰਫ ਭਾਰਤ ਵਿੱਚ, ਸਗੋਂ ਸਮੁੱਚੇ ਸੰਸਾਰ ਵਿੱਚ ‘ਬੇ.ਗਮਪੁਰਾ’ ਅਰਥਾਤ ਡਰ, ਦੁੱਖ, ਛੂਤ-ਛਾਤ, ਰੰਗ-ਨਸਲ, ਦੇਸ-ਪਰਦੇਸ ਦੇ ਹੱਦ ਬੰਨਿਆਂ ਤੋਂ ਉੱਪਰ ਉੱਠ ਕੇ ਭੇਦਭਾਵ ਤੋਂ ਰਹਿਤ ਭਾਈਚਾਰਕ ਸਾਂਝਾ ਵਾਲਾ ਸਮਾਜ ਸਿਰਜਣ ਦਾ ਝੰਡਾ ਬੁਲੰਦ ਹੋਇਆ।

ਗੁਰੂ ਰਵਿਦਾਸ ਜੀ ਦੁਆਰਾ ਪ੍ਰਸਤੁਤ ਕੀਤਾ ਗਿਆ ਬੇ.ਗਮਪੁਰਾ ਦਾ ਸੰਕਲਪ ਸਾਂਝੀਵਾਲਤਾ, ਸਮਾਨਤਾ ਅਤੇ ਸੁਤੰਤਰਤਾ ’ਤੇ ਆਧਾਰਿਤ ਹੈ। ਇਹ ਸੰਕਲਪ ਕੇਵਲ ਇੱਕ ਕਲਪਨਾਤਮਕ ਰਾਜ ਨਹੀਂ, ਸਗੋਂ ਮਨੁੱਖਤਾ ਲਈ ਇੱਕ ਆਚਰਣਕ ਮਾਰਗਦਰਸ਼ਨ ਹੈ, ਜੋ ਅੱਜ ਵੀ ਸੰਸਾਰ ਭਰ ਵਿੱਚ ਸਮਾਜਕ ਨਿਆਂ, ਮਨੁੱਖੀ ਅਧਿਕਾਰਾਂ ਅਤੇ ਬਰਾਬਰੀ ਦੀ ਲੜਾਈ ਲਈ ਇੱਕ ਚਾਨਣ ਮੁਨਾਰਾ ਬਣ ਕੇ ਰਾਹ ਦਿਖਾ ਰਿਹਾ ਹੈ।



# ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

## ਪਾਵਨ ਪੰਕਤੀ ਦੇ ਸੰਦਰਭ ਵਿੱਚ ਸੰਗਠਿਤ ਹੋਣ ਤੇ ਸਮੇਂ ਦੀ ਸੁਚੇਤ ਵਰਤੋਂ ਦੀ ਲੋੜ


ਆਪਣੇ ਸਮੇਂ ਨੂੰ ਆਪਣੀ ਬੇਹਤਰੀ ਅਤੇ ਸਮਾਜ ਦੀ ਭਲਾਈ ਲਈ ਵਰਤਣਾ ਹਰ ਸੂਝਵਾਨ ਵਿਅਕਤੀ ਦੀ ਜ਼ਿੰਮੇਵਾਰੀ ਹੈ। ਇਕੱਲੇ ਬੰਦੇ ਦੀ ਸਮਾਜ ਵਿੱਚ ਕੋਈ ਖਾਸ ਹਸਤੀ ਨਹੀਂ ਹੁੰਦੀ, ਪਰ ਜਦੋਂ ਉਹ ਸੰਗਠਨ ਨਾਲ ਜੁੜਦਾ ਹੈ ਤਾਂ ਉਸਦੀ ਅਹਿਮੀਅਤ ਬਣਦੀ ਹੈ ਅਤੇ ਉਹ ਕੁਝ ਕਰਨ ਜੋਗਾ ਬਣਦਾ ਹੈ। ਸਾਨੂੰ ਚਾਹੀਦਾ ਹੈ ਕਿ ਆਪਣੇ ਕੀਮਤੀ ਸਮੇਂ ਨੂੰ ਆਪਣੇ ਪਰਿਵਾਰ ਅਤੇ ਆਪਣੇ ਸਮਾਜ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਸਮਰਪਿਤ ਕੀਤਾ ਜਾਵੇ। ਅਕਸਰ ਦੇਖਿਆ ਜਾਂਦਾ ਹੈ ਕਿ ਕਈ ਲੋਕ ਆਪਣਾ ਸਮਾਂ ਗੈਰ-ਜ਼ਰੂਰੀ ਕੰਮਾਂ ਵਿੱਚ ਵਿਅਰਥ ਗੁਜਾਰ ਦਿੰਦੇ ਹਨ, ਜਿਸ ਨਾਲ ਨਾ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਲਾਭ ਹੁੰਦਾ ਹੈ ਅਤੇ ਨਾ ਹੀ ਸਮਾਜ ਨੂੰ।

ਸਾਨੂੰ ਆਪਣਾ ਸਮਾਂ ਅਜਿਹੇ ਵਿਚਾਰਾਂ ਨੂੰ ਸਮਝਣ, ਉਨ੍ਹਾਂ ਦਾ ਪ੍ਰਚਾਰ ਕਰਨ ਅਤੇ ਅਮਲ ਵਿੱਚ ਲਿਆਉਣ ਲਈ ਲਗਾਉਣਾ ਚਾਹੀਦਾ ਹੈ ਜੋ ਸਾਡੇ ਸਮਾਜ ਦੀਆਂ ਅਸਲ ਸਮੱਸਿਆਵਾਂ ਨਾਲ ਜੁੜੇ ਹੋਣ। ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਨੂੰ ਵਿਸ਼ਾਲ ਬਣਾਈਏ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਖੁਦ ਲੱਭਣ ਦੀ ਸਮਰੱਥਾ ਵਿਕਸਿਤ ਕਰੀਏ, ਨਾ ਕਿ ਹਮੇਸਾ ਕਿਸੇ ਹੋਰ 'ਤੇ ਨਿਰਭਰ ਰਹੀਏ।

ਜੀਵਨ ਵਿੱਚ ਦੋਸਤ ਅਤੇ ਦੁਸ਼ਮਣ ਦੀ ਪਛਾਣ ਕਰਨੀ ਬਹੁਤ ਜ਼ਰੂਰੀ ਹੈ, ਕਿਉਂਕਿ ਕਈ ਵਾਰ ਦੁਸ਼ਮਣ ਦੋਸਤ ਦਾ ਰੂਪ ਧਾਰ ਕੇ ਤਹਾਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਲਈ ਸੁਚੇਤ ਅਤੇ ਜਾਗਰੂਕ ਰਹਿਣਾ ਅਤਿਅੰਤ ਲਾਜ਼ਮੀ ਹੈ।

ਸਾਨੂੰ ਕਿਸੇ ਅਜਿਹੇ ਸੰਗਠਨ ਨਾਲ ਜੁੜਨਾ ਚਾਹੀਦਾ ਹੈ ਜੋ ਸਹੀ ਮਾਇਨਿਆਂ ਵਿੱਚ ਸਾਡਾ ਆਪਣਾ ਹੋਵੇ ਅਤੇ ਜੋ ਸੱਚੇ ਤੌਰ ਤੇ ਸਾਡੇ ਸਮਾਜ ਦੀ ਭਲਾਈ ਲਈ ਵਚਨਬੱਧ ਹੋਵੇ। ਸੰਗਠਨ ਵਿੱਚ ਰਹਿ ਕੇ ਹੀ ਵਿਅਕਤੀ ਦੀ ਕਦਰ ਬਣਦੀ ਹੈ ਅਤੇ ਉਹ ਸਮਾਜਕ ਬਦਲਾਅ ਲਈ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਦਾ ਹੈ।

ਸਾਨੂੰ ਪੜ੍ਹਨ ਦੀ ਆਦਤ ਵਿਕਸਿਤ ਕਰਨੀ ਬਹੁਤ ਜ਼ਰੂਰੀ ਹੈ। ਆਪਣੇ ਸਮਾਜ ਦੇ ਪੁਰਾਤਨ ਇਤਿਹਾਸ, ਸੰਘਰਸ਼ਾਂ ਦੀ ਕਹਾਣੀ ਅਤੇ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨੂੰ ਸਮਝ ਕੇ ਹੀ ਅਸੀਂ ਆਪਣੀ ਸੋਚ ਨੂੰ ਮਜਬੂਤ ਕਰ ਸਕਦੇ ਹਾਂ। ਗਿਆਨ ਅਤੇ ਸਮਝ ਦੇ ਵਿਕਾਸ ਨਾਲ ਅਸੀਂ ਨਾ ਸਿਰਫ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਸਕਦੇ ਹਾਂ, ਸਗੋਂ ਆਪਣੇ ਸਮਾਜ ਨੂੰ ਵੀ ਅੱਗੇ ਵਧਾਉਣ ਵਿੱਚ ਯੋਗਦਾਨ ਪਾ ਸਕਦੇ ਹਾਂ। ਇਸ ਲਈ ਅਸੀਂ ਉਹੀ ਕੰਮ ਕਰੀਏ ਜੋ ਸਾਨੂੰ ਅੱਗੇ ਵਧਾਉਂਦੇ ਹੋਣ, ਸਾਨੂੰ ਸੰਗਠਿਤ ਕਰਦੇ ਹੋਣ ਅਤੇ ਸਾਡੀ ਤੇ ਸਾਡੇ ਸਮਾਜ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ, ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਵਿੱਚ ਸਹਾਇਕ ਸਾਬਤ ਹੋਣ।




**ਸੁਰਤੀ ਲਾਲ ਮਾਧੋਪੁਰ ਜਨਰਲ ਸਕੱਤਰ**
**ਡਾ. ਬੀ.ਆਰ. ਅੰਬੇਡਕਰ**
**ਚੇਤਨਾ ਸੁਸਾਇਟੀ ਭੋਗਪੁਰ (ਜਲੰਧਰ)**
**+91 6284 938 848**




# ਗੁਰੂ ਰਵਿਦਾਸ ਬਾਣੀ ਮਨੁੱਖੀ, ਮੁਕਤੀ ਦਾ ਸੰਵਿਧਾਨਿਕ ਦਸਤਾਵੇਜ਼

ਗੁਰੂ ਰਵਿਦਾਸ ਜੀ ਮਨੁੱਖਤਾ ਨੂੰ ਮੁਕਤੀ ਅਤੇ ਆਤਮਿਕ ਆਜ਼ਾਦੀ ਦਾ ਅਤਿ ਵਡਮੁੱਲਾ ਸੰਦੇਸ ਦਿੰਦੇ ਹਨ। ਉਨ੍ਹਾਂ ਦੇ ਪ੍ਰਸਿੱਧ ਸ਼ਬਦ **"ਬਿਨੁ ਦੇਖੇ ਉਪਜੈ ਨਹੀ ਆਸਾ"** ਰਾਹੀਂ ਗੁਰੂ ਜੀ ਮਨੁੱਖੀ ਮਨ ਦੀ ਅਸਲੀ ਅਵਸਥਾ ਨੂੰ ਬਹੁਤ ਸਪੱਸ਼ਟ ਤਰੀਕੇ ਨਾਲ ਉਜਾਗਰ ਕਰਦੇ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਆਮ ਮਨੁੱਖ ਅਕਸਰ ਆਪਣੇ ਮਨ ਦੇ ਸੁਭਾਉ, ਇੱਛਾਵਾਂ, ਵਾਸ਼ਨਾਵਾਂ ਅਤੇ ਵਿਕਾਰਾਂ ਦੇ ਪਿੱਛੇ ਅੰਨ੍ਹੇਵਾਹ ਦੌੜਦਾ ਰਹਿੰਦਾ ਹੈ। ਇਸ ਲਗਾਤਾਰ ਦੌੜ ਵਿੱਚ ਫਸ ਕੇ ਉਹ ਨਾ ਕੇਵਲ ਆਤਮਿਕ ਤੌਰ 'ਤੇ ਭਟਕਦਾ ਹੈ, ਸਗੋਂ ਦੁਖੀ, ਅਸ਼ਾਂਤ, ਕਮਜ਼ੋਰ, ਬੀਮਾਰ, ਮਾਨਸਿਕ ਗ਼ੁਲਾਮ ਅਤੇ ਅੰਦਰੋਂ ਬਾਹਰੋਂ ਹਮੇਸ਼ਾ ਤੜਫਦਾ ਰਹਿੰਦਾ ਹੈ। ਉਸ ਨੂੰ ਆਪਣਾ ਜੀਵਨ ਵੀ ਬੇਕਾਰ, ਬੇ-ਸੁਆਦਾ ਅਤੇ ਬੇ-ਵਜਾ ਚੱਲੀ ਜਾਣ ਵਰਗਾ ਲੱਗਣ ਲੱਗ ਪੈਂਦਾ ਹੈ।

ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਜਦੋਂ ਮਨੁੱਖ ਪ੍ਰਭ ਦਾ ਸਿਮਰਨ ਕਰਦਿਆਂ ਉਸ ਦੇ ਫਲਸਫ਼ੇ ਦੇ ਸਿਧਾਂਤਾਂ ਜਾਂ ਕੁਦਰਤੀ ਨਿਯਮਾਂ ਨੂੰ ਸਿਰਫ ਪੜ੍ਹਦਾ ਸੁਣਦਾ ਹੀ ਨਹੀਂ, ਸਗੋਂ ਆਪਣੇ ਜੀਵਨ ਵਿੱਚ ਧਾਰਨ ਕਰਦਾ ਹੈ, ਤਦ ਹੀ ਉਸ ਨੂੰ ਪ੍ਰਤੱਖ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹ ਗਿਆਨ ਕੋਈ ਬਾਹਰੀ ਜਾਂ ਕਿਤਾਬੀ ਜਾਣਕਾਰੀ ਨਹੀਂ, ਸਗੋਂ ਅੰਦਰੋਂ ਉਪਜਣ ਵਾਲੀ ਆਤਮਿਕ ਜਾਗਰੂਕਤਾ ਹੈ। ਇਸ ਗਿਆਨ ਦੇ ਪ੍ਰਕਾਸ਼ ਨਾਲ ਕਰਮਾਂ ਦੀ ਬਾਂਧਣ, ਵਿਕਾਰਾਂ ਦੀ ਤਾਕਤ ਅਤੇ ਇੱਛਾਵਾਂ ਦੀ ਤ੍ਰਿਸ਼ਨਾ ਆਪੇ ਹੀ ਨਾਸ਼ ਹੋ ਜਾਂਦੀ ਹੈ।

ਗੁਰੂ ਜੀ ਇਸ ਅਵਸਥਾ ਨੂੰ ਬਹੁਤ ਸੁੰਦਰ ਉਪਮਾ ਰਾਹੀਂ ਸਮਝਾਉਂਦੇ ਹਨ:-

**ਫਲ ਕਾਰਨ ਫੂਲੀ ਬਨਰਾਇ ॥ ਫਾਲੁ ਲਾਗਾ ਤਬ ਫੂਲੁ ਬਿਲਾਇ ॥**

ਜਿਵੇਂ ਫਲ ਆਉਣ 'ਤੇ ਫੁੱਲ ਆਪੇ ਹੀ ਝੜ ਜਾਂਦੇ ਹਨ, ਉਸੇ ਤਰ੍ਹਾਂ ਗਿਆਨ ਦੀ ਪ੍ਰਾਪਤੀ ਹੋਣ 'ਤੇ ਬਾਹਰੀ ਅਭਿਆਸਾਂ (ਮਨ ਨੂੰ ਪ੍ਰਭ ਜੋੜਨ ਵਾਲੇ) ਅਤੇ ਯਤਨਾਂ ਦੀ ਲੋੜ ਮੁੱਕ ਜਾਂਦੀ ਹੈ। ਇਹ ਅਵਸਥਾ ਮਨੁੱਖ ਨੂੰ ਜੀਵਨ ਵਿੱਚ ਹੀ ਮੁਕਤੀ ਅਤੇ ਨਿਰਬਾਣ ਪਦ ਦੀ ਪ੍ਰਾਪਤੀ ਕਰਵਾ ਦਿੰਦੀ ਹੈ। ਇਸ ਲਈ ਗੁਰੂ ਰਵਿਦਾਸ ਜੀ ਮਨੁੱਖਤਾ ਨੂੰ ਅੰਦਰ ਵੱਲ ਮੁੜਨ, ਸੱਚੇ ਗਿਆਨ ਨਾਲ ਜੁੜਨ ਅਤੇ ਆਤਮਿਕ ਜਾਗਰੂਕਤਾ ਪ੍ਰਾਪਤ ਕਰਨ ਦਾ ਸੱਦਾ ਦਿੰਦੇ ਹਨ।

ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਆਪਣੇ ਪਾਵਨ ਸਲੋਕ **"ਹਰਿ ਸੋ ਹੀਰਾ ਛਾਡਿ ਕੈ"** ਵਿੱਚ ਇਕ ਅਟੱਲ ਅਤੇ ਸਦੀਵੀ ਸੱਚ ਬਿਆਨ ਕਰਦੇ ਹਨ। ਗੁਰੂ ਜੀ ਫਰਮਾਉਂਦੇ ਹਨ ਕਿ ਜੋ ਮਨੁੱਖ ਆਪਣੇ ਅਸਲੀ ਸਰੂਪ ਪਾਰਬ੍ਰਹਮ ਪ੍ਰਭ ਨੂੰ ਛੱਡ ਕੇ ਕਿਸੇ ਹੋਰ ਇਸ਼ਟ, ਦੇਵਤਾ, ਭਗਵਾਨ ਜਾਂ ਕਿਸੇ ਹੋਰ ਰਸਮਾਂ, ਭਰਮਾਂ ਜਾਂ ਬਾਹਰੀ ਆਸਾਂ ਤੋਂ ਮੁਕਤੀ ਦੀ ਉਮੀਦ ਰੱਖਦਾ ਹੈ, ਉਹ ਕਦੇ ਵੀ ਸੱਚੀ ਮੁਕਤੀ ਨੂੰ ਪ੍ਰਾਪਤ ਨਹੀਂ ਕਰ ਸਕਦਾ। ਐਸਾ ਮਨੁੱਖ ਮੁਕਤ ਹੋਣ ਦੀ ਬਜਾਏ ਆਤਮਿਕ ਅੰਧਕਾਰ ਵੱਲ ਵਧਦਾ ਹੈ, ਜੋ ਨਰਕ ਸਮਾਨ ਅਵਸਥਾ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖ ਨੂੰ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਮੁਕਤੀ ਬਾਹਰ ਨਹੀਂ, ਸਗੋਂ ਆਪਣੇ ਅੰਦਰ ਵੱਸਦੀ ਹੈ। ਪ੍ਰਭੂ ਨਾਲ ਸੱਚੀ ਸਾਂਝ, ਗਿਆਨ ਦੀ ਪ੍ਰਾਪਤੀ ਅਤੇ ਮਨ ਦੇ ਵਿਕਾਰਾਂ ਤੋਂ ਮੁਕਤੀ ਹੀ ਮਨੁੱਖ ਨੂੰ ਅਸਲ ਅਰਥਾਂ ਵਿੱਚ ਆਜ਼ਾਦ, ਸ਼ਾਂਤ ਅਤੇ ਪ੍ਰਕਾਸ਼ਮਈ ਜੀਵਨ ਵੱਲ ਲੈ ਕੇ ਜਾਂਦੀ ਹੈ।

ਗੁਰੂ ਰਵਿਦਾਸ ਜੀ ਮਨੁੱਖ ਨੂੰ ਆਤਮਿਕ ਸੱਚ ਨਾਲ ਜੋੜਨ ਲਈ ਇੱਕ ਹੋਰ ਬੜੀ **"ਗਹਿਰ**

**ਗੰਭੀਰ ਦ੍ਰਿਸ਼ਟਾਂਤ''** ਨਾਲ ਭਰਪੂਰ ਉਦਾਹਰਨ ਦਿੰਦੇ ਸਮਝਾਉਂਦੇ ਹਨ :–

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥**

**ਅਪ ਤਨਿ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥**

ਗੁਰੂ ਜੀ ਹਿਰਨ ਦੀ ਉਦਾਹਰਨ ਦੇ ਕੇ ਮਨੁੱਖੀ ਭਟਕਣਾ ਨੂੰ ਬਹੁਤ ਸਪਸ਼ਟ ਕਰਦੇ ਹਨ। ਜਿਵੇਂ ਹਿਰਨ ਨੂੰ ਆਪਣੇ ਹੀ ਸਰੀਰ ਵਿੱਚੋਂ ਉਪਜਣ ਵਾਲੀ ਸੁਗੰਧੀ ਦਾ ਭੇਦ ਨਹੀਂ ਪੈਂਦਾ ਅਤੇ ਉਹ ਉਸ ਸੁਗੰਧੀ ਨੂੰ ਜੰਗਲਾਂ, ਪਹਾੜਾਂ ਵਿੱਚੋਂ ਲੱਭਦਾ ਫਿਰਦਾ ਹੈ, ਓਸੇ ਤਰ੍ਹਾਂ ਮਨੁੱਖ ਵੀ ਆਪਣੇ ਅੰਦਰ ਵੱਸਦੇ ਪਾਰਬ੍ਰਹਮ ਪ੍ਰਭ ਅਤੇ ਆਤਮਿਕ ਆਨੰਦ ਨੂੰ ਪਛਾਨਣ ਵਿੱਚ ਅਸਫਲ ਰਹਿੰਦਾ ਹੈ। ਉਹ ਸੁੱਖ, ਸ਼ਾਂਤੀ ਅਤੇ ਮੁਕਤੀ ਦੀ ਆਸ ਬਾਹਰੀ ਸਾਧਨਾਂ ਜਪ, ਤਪ, ਪੂਜਾ, ਕਰਮਕਾਂਡਾਂ, ਤੀਰਥਾਂ ਅਤੇ ਧਾਰਮਿਕ ਰਸਮਾਂ, ਧਾਰਮਿਕ ਵਲਗਣਾਂ ਵਿੱਚੋਂ ਲੱਭਦਾ ਫਿਰਦਾ ਹੈ, ਪਰ ਅਸਲ ਵਿੱਚ ਜਿਸ ਦੀ ਖੋਜ ਕਰ ਰਿਹਾ ਹੈ, ਉਹ ਉਸਦੇ ਆਪਣੇ ਹੀ ਅੰਦਰ ਵੱਸਦਾ ਹੈ। ਇਸ ਦੀ ਪ੍ਰਾਪਤੀ ਮਨੁੱਖ ਨੂੰ ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਅਤੇ ਸਤਿਗੁਰੂ ਨਾਨਕ ਵਰਗੇ ਸੱਚੇ ਗੁਰੂ ਦੀ ਸ਼ਰਨ ਵਿੱਚ ਪੈ ਕੇ ਹੀ ਮਿਲ ਸਕਦੀ ਹੈ। ਇਹ ਸੱਚੇ ਗੁਰੂ ਸਾਡੇ ਕੋਲੋਂ ਦੂਰ ਨਹੀਂ ਉਨ੍ਹਾਂ ਦੀ ਬਾਣੀ ਅਤੇ ਫਲਸਫ਼ੇ ਨੂੰ ਜਦੋਂ ਅਸੀਂ ਆਪਣੇ ਹਿਰਦੇ ਵਿੱਚ ਵਸਾ ਕੇ ਉਸ ਨੂੰ ਅਮਲੀ ਰੂਪ ਵਿੱਚ ਅਪਣਾ ਲਿਆ ਤਾਂ ਸਾਡੇ ਕਵਾੜ ਖੁੱਲ੍ਹ ਜਾਣਗੇ। ਗੁਰੂ ਰਵਿਦਾਸ ਜੀ ਦੇ ਪਾਵਨ ਬਚਨ :—



**ਪਰਮ ਪਰਸ ਗੁਰੁ ਭੇਟੀਐ, ਪੂਰਬ ਲਿਖਤ ਲਿਲਾਟ ॥**

**ਉਨਮਨ ਮਨ, ਮਨ ਹੀ ਮਿਲੇ, ਛੁਟਕਤ ਬਜਰ ਕਪਾਟ ॥**

ਆਓ ਇਨਾਂ ਪਾਰਸਾਂ ਦੇ ਪਾਰਸ ਗੁਰੂਆਂ ਸਾਹਿਬਾਨ ਦੀ ਦੀ ਸ਼ਰਨ ਵਿੱਚ ਜਾ ਕੇ ਉਨ੍ਹਾਂ ਨੂੰ ਅਪਣਾਈਏ ਅਤੇ ਹਮੇਸ਼ਾ ਕੇਵਲ ਉਨ੍ਹਾਂ ਨੂੰ ਹੀ ਸਿਜਦਾ ਕਰੀਏ।

**- ਚਰਨਜੀਤ ਸਿੰਘ ਬਿਨਪਾਲਕੇ**, ਮੋਬਾਇਲ : 78141-42944

**ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਆਰਥਿਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਸੰਸਥਾ ਦਾ ਅਕਾਊਂਟ ਵੇਰਵਾ ਹੇਠ ਲਿਖੇ ਅਨੁਸਾਰ ਹੈ :-**

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JALANDHAR**
**ACCOUNT NO. 32717505525, STATE BANK OF INDIA (BHOGPUR)**
**IFSC Code No. SBIN0010122**

ਪਿਆਰੀ ਸਾਧ ਸੰਗਤ ਜੀਓ! ਸਨਿਮਰ ਬੇਨਤੀ ਹੈ ਕਿ ਤੁਹਾਡੇ ਵੱਲੋਂ ਸੰਸਥਾ ਨੂੰ ਆਰਥਿਕ ਸਹਿਯੋਗ ਪ੍ਰਦਾਨ ਕਰਨ ਲਈ ਬੈਂਕ ਸਕੈਨਰ (QR ਕੋਡ) ਦੀ ਸੁਵਿਧਾ ਉਪਲਬਧ ਕਰਵਾਈ ਗਈ ਹੈ। ਇਸ ਲਈ ਸੰਸਥਾ ਦੇ ਮੀਤ ਸਕੱਤਰ ਸ੍ਰੀ ਸੂਰਤੀ ਲਾਲ ਜੀ ਦੇ ਬੈਂਕ ਖਾਤੇ ਦਾ ਸਕੈਨਰ ਦਿੱਤਾ ਗਿਆ ਹੈ। ਇਸ ਸਕੈਨਰ ਰਾਹੀਂ ਤੁਹਾਡੇ ਵੱਲੋਂ ਭੇਜੀ ਥੋੜ੍ਹੀ ਜਿਹੀ ਰਾਸ਼ੀ ਵੀ ਸਾਡੇ ਲਈ ਵੱਡੀ ਪ੍ਰੇਰਨਾ ਅਤੇ ਹੌਂਸਲਾ ਅਫ਼ਜਾਈ ਹੈ। ਕ੍ਰਿਪਾ ਕਰਕੇ ਇਸ ਪ੍ਰਚਾਰ ਅਭਿਆਨ ਦੇ ਆਰਥਿਕ ਸਹਿਯੋਗੀ ਜ਼ਰੂਰ ਬਣੋ।

**ਚਰਨਜੀਤ ਸਿੰਘ, ਜਨਰਲ ਸਕੱਤਰ,**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ (ਰਜਿ.), ਮੋਬਾਈਲ** : 78141-42944

Surti Lal



# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-11



**ਬਖ਼ਸ਼ੀ ਰਾਮ ਦਰਾਵਾਂ**

**ਲੈਵੀ :- ਹੈਲੋ ਚਾਚੀ ਜੀ ! ਜੈ ਗੁਰੂਦੇਵ !**

**ਚਾਚੀ** :- ਧੰਨ ਗੁਰੂਦੇਵ ! ਲੈਵੀ ਹੋਰ ਸੁਣਾਓ ਕੀ ਹਾਲ ਚਾਲ ਹੈ ਅਤੇ ਕੈਨੇਡਾ ਦਾ ਮੌਸਮ ਕਿਹੋ ਜਿਹਾ ਹੈ? ਕੀ ਕੈਨੇਡਾ ਦਾ ਮੌਸਮ ਤੈਨੂੰ ਰਾਸ ਆਇਆ ਹੈ ?

ਲੈਵੀ :– ਹਾਂ ਚਾਚੀ ਜੀ, ਕਨੇਡਾ ਦਾ ਮੌਸਮ ਤਾਂ ਬਹੁਤ ਠੰਡਾ ਹੈ ਲੇਕਿਨ ਫਿਰ ਵੀ ਇਸ ਦੇਸ ਦੀਆਂ ਸਰਕਾਰਾਂ ਵੱਲੋਂ ਠੰਡ ਤੋਂ ਬਚਾਅ ਦੇ ਉਚੇਚੇ ਪ੍ਰਬੰਧ ਕੀਤੇ ਗਏ ਹਨ। ਇੱਥੇ ਹਵਾ, ਪਾਣੀ ਅਤੇ ਆਵਾਜ਼ ਪ੍ਰਦੂਸ਼ਣ ਦੀ ਸਮੱਸਿਆ ਬਹੁਤ ਘੱਟ ਹੈ।

**ਚਾਚੀ : ਲੈਵੀ ! ਇਸ ਸਾਲ ਵੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਤੂੰ ਕੈਨੇਡਾ ਵਿੱਚ ਹੀ ਮਨਾਵੇਂਗੀ ?**

**ਲੈਵੀ** : ਹਾਂ, ਬਿਲਕੁਲ ਚਾਚੀ ਜੀ। ਚਾਚੀ ਜੀ, ਇੱਕ ਗੱਲ ਕਾਫੀ ਸਮੇਂ ਤੋਂ ਮੇਰੇ ਮਨ ਵਿੱਚ ਹੈ। ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਹਰ ਸਾਲ ਇੱਕੋ ਨਿਸ਼ਚਿਤ ਮਿਤੀ ਨੂੰ ਕਿਉਂ ਨਹੀਂ ਆਉਂਦਾ? ਕਦੇ ਜਨਵਰੀ ਦੇ ਅਖੀਰ, ਕਦੇ ਫਰਵਰੀ ਦੇ ਵਿਚਕਾਰ ਜਾਂ ਫਰਵਰੀ ਦੇ ਅੰਤ ਵਿੱਚ ਇਹ ਅਨਿਸਚਿਤਤਾ ਕਿਉਂ ਹੈ ?

**ਚਾਚੀ** : **ਬਹੁਤ ਸੋਹਣਾ ਪ੍ਰਸ਼ਨ ਪੁੱਛਿਆ ਹੈ ਲੈਵੀ। ਇਸ ਸਬੰਧੀ ਮਾਸਟਰ ਰਾਮ ਧਨ ਨਾਂਗਲੂ ਜੀ ਨੇ ਆਪਣੇ ਇਕ ਲੇਖ ਵਿੱਚ ਬੜੀ ਵਿਸਥਾਰ ਪੂਰਵਕ ਚਾਨਣਾ ਪਾਇਆ ਹੈ ਉਨ੍ਹਾਂ ਅਨੁਸਾਰ ਸੰਗਤਾਂ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਬਿਕਰਮੀ ਕੈਲੰਡਰ ਅਨੁਸਾਰ ਮਨਾਇਆ ਜਾਂਦਾ ਹੈ, ਨਾ ਕਿ ਸਿੱਧੇ ਤੌਰ 'ਤੇ ਈਸਵੀ ਕੈਲੰਡਰ ਅਨੁਸਾਰ। ਇਸ ਕਰਕੇ ਇਹ ਮਿਤੀ ਹਰ ਸਾਲ ਬਦਲਦੀ ਰਹਿੰਦੀ ਹੈ।**

**ਲੈਵੀ : ਹਾਂ ਚਾਚੀ ਜੀ ਇਸੇ ਕਰਕੇ ਗੁਰਪੁਰਬ ਦੇ ਦਿਹਾੜੇ ਦਾ ਮੌਸਮ ਵੀ ਹਰ ਵਾਰ ਵੱਖਰਾ ਹੁੰਦਾ ਹੈ?**

**ਚਾਚੀ** : ਬਿਲਕੁਲ ! ਕਈ ਵਾਰ ਇਹ ਦਿਹਾੜਾ ਕੜਕਵੀਂ ਸਰਦੀ ਵਿੱਚ ਆ ਜਾਂਦਾ ਹੈ ਤੇ ਕਈ ਵਾਰ ਸਰਦੀ ਦੇ ਢਲਦੇ ਦਿਨਾਂ ਵਿੱਚ, ਜਦ ਗਰਮੀ ਦੇ ਆਸਾਰ ਹੋਣ ਲੱਗ ਪੈਂਦੇ ਹਨ। ਉਦਾਹਰਣ ਵਜੋਂ – **639ਵਾਂ ਪ੍ਰਕਾਸ਼ ਪੁਰਬ 22 ਫਰਵਰੀ 2016 ਨੂੰ ਆਇਆ, ਜੋ ਗਰਮੀ ਦੇ ਆਰੰਭ ਵਾਲਾ ਸਮਾਂ ਸੀ।**

**640ਵਾਂ 10 ਫਰਵਰੀ 2017 ਨੂੰ, 641ਵਾਂ 31 ਜਨਵਰੀ 2018 ਨੂੰ, ਜਦ ਭਾਰੀ ਸਰਦੀ ਸੀ, ਅਤੇ 642ਵਾਂ 19 ਫਰਵਰੀ 2019 ਨੂੰ, ਢਲਦੀ ਸਰਦੀ ਵਿੱਚ ਆਇਆ।**

**ਲੈਵੀ : ਮੈਂ ਨੋਟ ਕੀਤਾ ਹੈ ਕਿ ਇਹ ਤਬਦੀਲੀ ਲਗਭਗ ਹਰ ਤੀਜੇ ਸਾਲ ਵੱਡੀ ਹੋ ਜਾਂਦੀ ਹੈ।**

**ਚਾਚੀ** : ਹਾਂ, ਇਹ ਬਿਲਕੁਲ ਠੀਕ ਨਿਰੀਖਣ ਹੈ। ਇਸ ਦਾ ਕਾਰਨ ਚੰਦਰਮਾ ਅਨੁਸਾਰ ਗਣਨਾ ਹੈ। ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਮਾਘ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ ਪਰ ਬਹੁਤ ਵਾਰ ਮਾਘ ਦੀ ਪੂਰਨਮਾਸ਼ੀ ਫ਼ੱਗਣ ਮਹੀਨੇ ਵਿੱਚ ਚਲੀ ਜਾਂਦੀ ਹੈ। ਇਸੇ ਕਰਕੇ ਕੈਲੰਡਰ ਵਿੱਚ ਇਹ ਫਰਕ ਪੈਂਦਾ ਹੈ।

**ਲੈਵੀ : ਪਰ ਚਾਚੀ ਜੀ, ਕੀ ਗੁਰੂ ਜੀ ਦੀ ਜਨਮ ਮਿਤੀ ਇਤਿਹਾਸਕ ਤੌਰ 'ਤੇ ਨਿਸ਼ਚਿਤ ਨਹੀਂ ਹੈ?**

**ਚਾਚੀ** : ਵਿਦਵਾਨਾਂ ਨੇ ਇਸ ਬਾਰੇ ਖੋਜ ਕੀਤੀ ਹੈ। ਸੰਤ ਕਰਮਦਾਸ ਜੀ ਜਿਨ੍ਹਾਂ ਨੂੰ ਗੁਰੂ ਰਵਿਦਾਸ ਜੀ ਦੀ ਵੰਸ਼ਾਵਲੀ ਵਿੱਚੋਂ ਮੰਨਿਆ ਜਾਂਦਾ ਹੈ ਦੇ ਪ੍ਰਸਿੱਧ ਸਲੋਕ ਦੇ ਆਧਾਰ 'ਤੇ ਗੁਰੂ ਜੀ ਦਾ ਜਨਮ (ਪ੍ਰਕਾਸ਼) ਇਸ ਤਰ੍ਹਾਂ ਦਰਸਾਇਆ ਜਾਂਦਾ ਹੈ –

**"ਚੌਦਾਹ ਸੈ ਤੈਂਤੀਸ ਕੀ, ਮਾਘ ਸੁਦੀ ਪੰਦਰਾਸ।**

**ਦੁਖੀਉਂ ਕੇ ਕਲਿਆਣ ਹਿਤ, ਪ੍ਰਗਟੇ ਗੁਰੂ ਰਵਿਦਾਸ॥"**

**ਲੈਵੀ : ਇਸ ਪਾਵਨ ਸਲੋਕ ਤੋਂ ਭਾਵ ਹੈ ਗੁਰੂ ਜੀ ਪ੍ਰਕਾਸ਼ (ਜਨਮ) ਮਾਘ ਮਹੀਨੇ ਦੀ ਪੂਰਨਮਾਸ਼ੀ, ਸੰਮਤ 1433 ਬਿਕਰਮੀ ਨੂੰ ਹੋਇਆ।**

**ਚਾਚੀ** : ਬਿਲਕੁਲ। ਵਿਦਵਾਨਾਂ ਨੇ ਇਸ ਮਿਤੀ ਨੂੰ ਈਸ਼ਵੀ ਸੰਨ ਅਨੁਸਾਰ 25 ਜਨਵਰੀ 1377 ਈਸ਼ਵੀ ਨਿਸ਼ਚਿਤ ਕੀਤਾ ਹੈ। ਭਾਵੇਂ ਕੁਝ ਹੋਰ ਮੱਤ ਵੀ ਹਨ, ਪਰ ਅੱਜ ਦੇ ਸਮੇਂ ਵਿੱਚ ਬਹੁਤੇ ਵਿਦਵਾਨ ਅਤੇ ਸ਼ਰਧਾਲੂ ਇਸ ਮਿਤੀ ਨੂੰ ਹੀ ਮੰਨਦੇ ਹਨ।

**ਲੈਵੀ : ਕੀ ਇਸਦੀ ਕੋਈ ਸਰਕਾਰੀ ਜਾਂ ਵਿਦਵਾਨੀ ਪੁਸ਼ਟੀ ਵੀ ਮਿਲਦੀ ਹੈ?**

**ਚਾਚੀ** : ਹਾਂ। ਖੋਜੀ ਵਿਦਵਾਨ ਡਾ. ਜਸਬੀਰ ਸਿੰਘ ਸਾਬਰ, ਸਾਬਕਾ ਪ੍ਰੋਫੈਸਰ ਗੁਰੂ ਰਵਿਦਾਸ ਚੇਅਰ, ਸ੍ਰੀ ਅੰਮ੍ਰਿਤਸਰ, ਆਪਣੀ ਪੁਸਤਕ **"ਪਾਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ"** ਦੇ ਪੰਨਾ 26 'ਤੇ ਲਿਖਦੇ ਹਨ ਕਿ 1922 ਈਸਵੀ ਵਿੱਚ ਮਦਰਾਸ ਸਰਕਾਰ ਵੱਲੋਂ ਛਪੇ ਸੁਆਮੀ ਕਨੂ ਪਿਲੇ ਦੇ ਕੈਲੰਡਰ ਅਨੁਸਾਰ 25 ਜਨਵਰੀ 1377 ਨੂੰ ਐਤਵਾਰ ਦਾ ਦਿਨ ਸੀ ਅਤੇ ਉਸ ਦਿਨ ਪੂਰਨਮਾਸ਼ੀ ਵੀ ਸੀ।

**ਲੈਵੀ : ਇਸਦਾ ਮਤਲਬ ਇਹ ਹੈ ਕਿ ਮੂਲ ਮਿਤੀ ਤਾਂ ਨਿਸ਼ਚਿਤ ਹੈ, ਪਰ ਸਮਾਜ ਵੱਲੋਂ ਗੁਰੂ ਜੀ ਦਾ ਪ੍ਰਕਾਸ਼ ਪੁਰਬ ਅੰਗਰੇਜ਼ੀ ਕੈਲੰਡਰ ਦੀ ਬਜਾਏ ਬਿਕਰਮੀ ਕੈਲੰਡਰ ਨਾਲ ਮਨਾਉਣ ਕਾਰਨ ਦਿਹਾੜਾ ਹਰ ਸਾਲ ਵੱਖਰੇ ਦਿਨ ਆ ਜਾਂਦਾ ਹੈ। ਪਰ ਮੇਰੇ ਮਨ ਵਿੱਚ ਇੱਕ ਹੋਰ ਪ੍ਰਸ਼ਨ ਉੱਠਦਾ ਹੈ ਜੇ ਗੁਰੂ ਜੀ ਦਾ ਪ੍ਰਕਾਸ਼ ਮਿਤੀ 25 ਜਨਵਰੀ 1377 ਈਸਵੀ ਨਿਸ਼ਚਿਤ ਹੈ, ਤਾਂ ਫਿਰ ਉਸੇ ਸੂਰਜੀ ਮਿਤੀ ਨੂੰ ਹਰ ਸਾਲ ਕਿਉਂ ਨਹੀਂ ਮਨਾਇਆ ਜਾਂਦਾ?**

**ਚਾਚੀ** : ਲੈਵੀ, ਇਹ ਪ੍ਰਸ਼ਨ ਬਹੁਤ ਗੰਭੀਰ ਤੇ ਵਿਚਾਰਨਯੋਗ ਹੈ। ਅਸਲ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਸੌਰਵਰਸ (ਸੂਰਜੀ ਸਾਲ) ਅਨੁਸਾਰ ਨਹੀਂ, ਸਗੋਂ ਚੰਦਰ ਵਰਸ (ਚੰਦਰਮਾ ਸਾਲ) ਅਨੁਸਾਰ ਮਨਾਉਣ ਕਰਕੇ ਇਹ ਦਿਹਾੜਾ ਹਰ ਸਾਲ ਅਦਲ–ਬਦਲ ਮਿਤੀਆਂ 'ਤੇ ਆ ਜਾਂਦਾ ਹੈ।

**ਲੈਵੀ : ਇਹ ਅਦਲ-ਬਦਲ ਕਿਹੜੇ ਅਸੂਲ 'ਤੇ ਆਧਾਰਿਤ ਹੈ, ਚਾਚੀ ਜੀ?**

**ਚਾਚੀ** : ਇਸਦਾ ਮੂਲ ਕਾਰਨ ਸੂਰਜੀ ਵਰ੍ਹੇ ਅਤੇ ਚੰਦਰ ਵਰ੍ਹੇ ਦੇ ਸਮੇਂ ਵਿਚ ਪਾਇਆ ਜਾਣ ਵਾਲਾ ਅੰਤਰ ਹੈ।

ਸੂਰਜੀ ਵਰ੍ਹੇ ਦਾ ਸਮਾਂ ਹੁੰਦਾ ਹੈ

365 ਦਿਨ, 5 ਘੰਟੇ, 45 ਮਿੰਟ, 46 ਸੈਕਿੰਡ,

ਜਦਕਿ ਚੰਦਰ ਵਰ੍ਹੇ ਦਾ ਸਮਾਂ ਹੁੰਦਾ ਹੈ

354 ਦਿਨ, 8 ਘੰਟੇ, 46 ਮਿੰਟ, 36 ਸੈਕਿੰਡ।



**ਲੈਵੀ : ਮਤਲਬ ਦੋਹਾਂ ਵਰ੍ਹਿਆਂ ਵਿਚ ਕਰੀਬ 11 ਦਿਨਾਂ ਦਾ ਫਰਕ ਬਣ ਜਾਂਦਾ ਹੈ?**

**ਚਾਚੀ** : ਹਾਂ, ਲਗਭਗ 10 ਦਿਨ ਅਤੇ 21 ਘੰਟਿਆਂ ਦਾ ਅੰਤਰ ਬਣਦਾ ਹੈ। ਇਹੀ ਅੰਤਰ ਹਰ ਸਾਲ ਇਕੱਠਾ ਹੁੰਦਾ ਜਾਂਦਾ ਹੈ ਅਤੇ ਮਿਤੀ ਨੂੰ ਅੱਗੇ–ਪਿੱਛੇ ਕਰਦਾ ਰਹਿੰਦਾ ਹੈ।

**ਲੈਵੀ : ਫਿਰ ਮਾਘ ਸੁਧੀ ਪੰਦਰਾਸ ਦੀ ਗਿਣਤੀ ਕਿਵੇਂ ਹੁੰਦੀ ਹੈ?**

**ਚਾਚੀ** : ਪਹਿਲਾਂ ਚੰਨ ਦੀ ਗਤੀ ਅਨੁਸਾਰ 15 ਮਾਘ ਪੂਰਨਮਾਸ਼ੀ ਦਾ ਦਿਨ ਨਿਸ਼ਚਿਤ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਉਸਨੂੰ ਸੂਰਜੀ ਵਰ੍ਹੇ, ਅਰਥਾਤ ਈਸਵੀ ਕੈਲੰਡਰ ਨਾਲ ਮਿਲਾਇਆ ਜਾਂਦਾ ਹੈ। ਕਿਉਂਕਿ ਦੋਹਾਂ ਵਰ੍ਹਿਆਂ ਵਿਚ ਸਮੇਂ ਦਾ ਅੰਤਰ ਹੈ, ਇਸ ਲਈ ਈਸਵੀ ਮਿਤੀ ਹਰ ਸਾਲ ਬਦਲ ਜਾਂਦੀ ਹੈ।

**ਲੈਵੀ : ਇਸਦਾ ਅਰਥ ਇਹ ਹੈ ਕਿ ਜਿੱਥੇ ਸੂਰਜੀ ਸਾਲ ਦੇ 12 ਮਹੀਨੇ ਪੂਰੇ ਹੁੰਦੇ ਹਨ, ਉਥੇ ਚੰਨ ਦੇ ਵਰ੍ਹੇ ਦੇ 12 ਮਹੀਨੇ 10 ਦਿਨ 21 ਘੰਟੇ ਬੀਤਦੇ ਹਨ?**

**ਚਾਚੀ** : ਬਿਲਕੁਲ, ਇਸ ਅਸਮਾਨਤਾ ਨੂੰ ਸੰਤੁਲਿਤ ਕਰਨ ਲਈ ਹਰ ਤੀਜੇ ਸਾਲ ਇੱਕ ਵਾਧੂ ਚੰਦਰ ਮਹੀਨਾ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਹਰ ਤੀਜਾ ਚੰਦਰ ਸਾਲ 13 ਮਹੀਨਿਆਂ ਦਾ ਹੋ ਜਾਂਦਾ ਹੈ।

**ਲੈਵੀ : ਇਸੇ ਕਰਕੇ ਦੋ ਸਾਲ ਮਿਤੀ ਅੱਗੇ ਵਧਦੀ ਰਹਿੰਦੀ ਹੈ ਅਤੇ ਤੀਜੇ ਸਾਲ ਪਿੱਛੇ ਮੁੜ ਜਾਂਦੀ ਹੈ?**

**ਚਾਚੀ** : ਹਾਂ ਲੈਵੀ। ਇਸੀ ਪ੍ਰਕਿਰਿਆ ਕਰਕੇ ਕਦੇ 15 ਮਾਘ ਪੂਰਨਮਾਸ਼ੀ ਜਨਵਰੀ ਦੇ ਅੰਤ ਵਿੱਚ ਆ ਜਾਂਦੀ ਹੈ ਅਤੇ ਕਦੇ ਫਰਵਰੀ ਦੇ ਆਰੰਭ ਵਿੱਚ ਕਦੇ ਫਰਵਰੀ ਦੇ ਅੰਤ ਵਿੱਚ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ (ਪ੍ਰਕਾਸ਼) ਦਿਹਾੜਾ ਸੂਰਜੀ ਕੈਲੰਡਰ ਅਨੁਸਾਰ ਸਥਿਰ ਨਹੀਂ ਰਹਿੰਦਾ।

**ਲੈਵੀ : ਤਾਂ ਇਹ ਅਸਥਿਰਤਾ ਲੋਕਾਂ ਵਿੱਚ ਉਲਝਣ ਅਤੇ ਭੁੱਲ-ਭਲੱਈਏ ਦਾ ਕਾਰਨ ਬਣਦੀ ਹੈ? ਚਾਚੀ ਜੀ ਸਮੁੱਚੇ ਸਮਾਜ ਨੂੰ ਇਕੱਠੇ ਹੋ ਕੇ ਇਸ ਸਬੰਧੀ ਇੱਕ ਨਿਰਣਾਇਕ ਫੈਸਲਾ ਲੈ ਲੈਣਾ ਚਾਹੀਦਾ ਹੈ। ਤਾਂ ਕਿ ਇਹ ਭੁੱਲ ਭਲਈਆ ਖਤਮ ਹੋਵੇ।**

**ਚਾਚੀ** : ਬਿਲਕੁਲ। ਇਹੀ ਇੱਕ ਵੱਡੀ ਘਾਟ ਹੈ। ਪਰ ਪਰ ਜਿੰਨਾ ਚਿਰ ਸਾਰਾ ਸਮਾਜ ਇਸ ਸਬੰਧੀ ਕੋਈ ਸਾਂਝੀ ਰਾਏ ਨਹੀਂ ਬਣਾਉਂਦਾ ਓਨਾ ਚਿਰ ਯਾਦ ਰੱਖ ਲੈਵੀ, ਮਿਤੀ ਦੀ ਅਸਥਿਰਤਾ ਦੇ ਬਾਵਜੂਦ ਗੁਰੂ ਰਵਿਦਾਸ ਜੀ ਦੀ ਬਾਣੀ, ਵਿਚਾਰਧਾਰਾ ਅਤੇ ਮਨੁੱਖਤਾ ਦਾ ਸੰਦੇਸ਼ ਪੂਰੀ ਤਰ੍ਹਾਂ ਅਟੱਲ ਹੈ।

**ਲੈਵੀ : ਸਹੀ ਕਹਿ ਰਹੇ ਹੋ ਚਾਚੀ ਜੀ। ਗੁਰੂ ਜੀ ਦੀ ਸੋਚ ਸਮੇਂ ਅਤੇ ਕੈਲੰਡਰਾਂ ਤੋਂ ਉਪਰ ਹੈ।**

**ਚਾਚੀ** : ਹਾਂ ਧੀਏ। ਗੁਰੂ ਰਵਿਦਾਸ ਜੀ ਨੇ ਮਨੁੱਖ ਨੂੰ ਸਮਾਨਤਾ, ਨਿਆਂ ਅਤੇ ਮਾਨਵਤਾ ਦਾ ਰਾਹ ਦਿਖਾਇਆ। ਦਿਹਾੜਾ ਕਿਸ ਮਿਤੀ ਨੂੰ ਆਉਂਦਾ ਹੈ, ਇਸ ਤੋਂ ਵੱਧ ਜ਼ਰੂਰੀ ਹੈ ਕਿ ਅਸੀਂ ਗੁਰੂ ਜੀ ਦੀ ਬਾਣੀ ਨੂੰ ਆਪਣੇ ਜੀਵਨ ਵਿੱਚ ਕਿੰਨਾ ਅਪਣਾਉਂਦੇ ਹਾਂ।

**ਲੈਵੀ : ਚਾਚੀ ਜੀ। ਹੁਣ ਇਹ ਪੂਰਾ ਵਿਸ਼ਾ ਮੇਰੇ ਮਨ ਵਿੱਚ ਸਪੱਸ਼ਟ ਹੋ ਗਿਆ ਹੈ। ਚੰਗਾ ਚਾਚੀ ਜੀ ਜੈ ਗੁਰੂਦੇਵ!**

**ਚਾਚੀ** : ਧੰਨ ਗੁਰੂਦੇਵ! ਲੈਵੀ। ਗੁਰੂ ਜੀ ਦੀ ਕਿਰਪਾ ਨਾਲ ਇਹ ਗਿਆਨ ਹੋਰਾਂ ਤੱਕ ਵੀ ਪਹੁੰਚੇ ਇਹੀ ਸੱਚੀ ਸੇਵਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਕਿਸ ਤਰ੍ਹਾਂ ਮਨਾਈਏ ?

ਮਨਜੀਤ ਸਿੰਘ ਚੁਖਿਆਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੋਬਾਈਲ - 94178-91666



ਸ੍ਰੀ ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਬੜੇ ਹੀ ਪਿਆਰ ਸਤਿਕਾਰ ਅਤੇ ਸ਼ਰਧਾ ਪੂਰਵਕ ਮਨਾਉਣਾ ਚਾਹੀਦਾ ਹੈ। ਇਸ ਮਹਾਨ ਅਤੇ ਪਵਿੱਤਰ ਅਵਸਰ ਮੌਕੇ ਸਾਰੀ ਸੰਸਥਾਵਾਂ ਅਤੇ ਸੰਗਤਾਂ ਨੂੰ ਇੱਕ ਸਾਂਝੇ ਪਲੇਟਫਾਰਮ ਫਾਰਮ ਦੇ ਮਾਧਿਅਮ ਤੋਂ ਇਕੱਠੇ ਹੋ ਕੇ ਮਨਾਉਣਾ ਚਾਹੀਦਾ ਹੈ। ਇਸ ਸਬੰਧੀ ਕੀਤੇ ਜਾਣ ਵਾਲੇ ਕਾਰਜਾਂ ਦੀ ਇੱਕ ਲਿਸਟ ਬਣਾਈ ਜਾਵੇ ਅਤੇ ਉਸ ਲਿਸਟ ਵਿੱਚ ਦਰਜ ਕੀਤੀ ਤੇ ਜਿਹੜੇ ਕਾਰਜ ਕਿਸੇ ਇੱਕ ਸੰਸਥਾ ਵੱਲੋਂ ਹੋ ਸਕਦੇ ਹੋਣ ਉਸ ਦੀ ਜ਼ਿੰਮੇਵਾਰੀ ਕਿਸੇ ਇੱਕ ਸੰਸਥਾ ਨੂੰ ਦਿੱਤੀ ਜਾਵੇ ਅਤੇ ਉਹ ਸੰਸਥਾ ਹੋਰ ਕੋਈ ਕਾਰਜ ਨਾ ਕਰੇ ਆਪਣਾ ਪੂਰਾ ਧਿਆਨ ਇਸ ਦਿੱਤੇ ਹੋਏ ਕਾਰਜ ਉੱਤੇ ਕੇਂਦਰਿਤ ਕਰਕੇ ਇਸ ਕਾਰਜ ਨੂੰ ਪੂਰੀ ਸੰਜੀਦਗੀ ਨਾਲ ਨਿਭਾਵੇ। ਇਹ ਪ੍ਰਕਾਸ਼ ਦਿਹਾੜਾ ਪ੍ਰਚਲਤ ਹੋ ਚੁੱਕੀਆਂ ਪਰੰਪਰਾਵਾਂ ਤੋਂ ਹਟ ਕੇ ਸਤਿਗੁਰੂ ਰਵਿਦਾਸ ਜੀ ਦੇ ਬਾਣੀ ਅਤੇ ਵਿਚਾਰਧਾਰਾ ਉੱਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਮੁੱਖ ਧੁਰਾ ਹੈ— ਸਾਂਝੀਵਾਲਤਾ, ਸਮਾਨਤਾ, ਸੁਤੰਤਰਤਾ, ਸਿੱਖਿਆ ਭਾਵ ਗਿਆਨਵਾਨ ਹੋਣਾ, ਨਿਰਭਉ ਅਤੇ ਨਿਰਵੈਰ ਰਹਿਣਾ, ਦੂਸਰਿਆਂ ਦੀ ਸੇਵਾ ਕਰਨਾ, ਇਕੱਠੇ ਹੋਣਾ, ਸੰਘਰਸ਼ ਕਰਨਾ, ਜ਼ੁਲਮ ਵਿਰੁੱਧ ਖੜ੍ਹਨਾ, ਸੱਚ ਤੇ ਦ੍ਰਿੜ ਰਹਿਣਾ, ਵਹਿਮਾਂ ਭਰਮਾਂ, ਅੰਧ ਵਿਸਵਾਸ਼ਾਂ ਅਤੇ ਪਖੰਡਾਂ ਨੂੰ ਨਕਾਰਨਾ, ਨਿੰਦਿਆ, ਚੁਗਲੀ, ਬੇਈਮਾਨੀ ਅਤੇ ਠੱਗੀ ਤੋਂ ਨਿਰਲੇਪ ਰਹਿਣਾ। ਆਪਣੇ ਫਰਜ਼ਾਂ ਅਤੇ ਅਧਿਕਾਰਾਂ ਉੱਤੇ ਪਹਿਰਾ ਦਿੰਦੇ ਹੋਏ ਜੀਉ ਅਤੇ ਜੀਉਣ ਦਿਉ ਦੇ ਸਿਧਾਂਤ ਨੂੰ ਅਪਣਾਉਂਦਿਆਂ ਹੋਏ ਆਪਣਾ ਅਤੇ ਦੂਸਰਿਆਂ ਦਾ ਜੀਵਨ ਸੁਖਮਈ ਬਣਾਉਣੇ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣਾ ਚਾਹੀਦਾ ਹੈ।

**650 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦਾ ਸਮਾਂ**—ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼, ਆਗਮਨ, ਜਨਮ, ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਅਨੁਸਾਰ ਅੰਗਰੇਜ਼ੀ ਕੈਲੰਡਰ ਦੀ ਤਾਰੀਖ 25 ਜਨਵਰੀ 1377 ਈਸਵੀ ਨੂੰ ਬਣਦੀ ਹੈ। ਇਸ ਮੁਤਾਬਕ ਮਾਘ ਮਹੀਨੇ ਦੀ ਪੂੰਨਿਆ 20 ਫਰਵਰੀ 2027 ਦਿਨ ਸ਼ਨੀਵਾਰ ਨੂੰ 650 ਸਾਲਾ ਪ੍ਰਕਾਸ਼ ਦਿਹਾੜਾ ਆਉਂਦਾ ਹੈ। ਕਿਉਂਕਿ ਇਹ ਦਿਨ ਗੁਰੂ ਜੀ ਦੇ ਸ਼ਤਾਬਦੀ ਪ੍ਰਕਾਸ਼ ਦਿਹਾੜਿਆਂ ਦਾ ਬਹੁਤ ਮਹੱਤਵਪੂਰਨ ਦਿਨ ਹੈ ਇਸ ਕਰਕੇ ਇਹ ਸਾਨੂੰ ਪੂਰਾ ਸਾਲ ਮਨਾਉਣਾ ਬਣਦਾ ਹੈ ਸੋ ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਿਤੀ 01 ਫਰਵਰੀ 2026 ਤੋਂ ਆਰੰਭ ਹੋ ਕੇ ਅਗਲੇ ਪ੍ਰਕਾਸ਼ ਪੁਰਬ 20 ਫਰਵਰੀ 2027 ਤੱਕ ਬੜੇ ਹੀ ਸੁਚੱਜੇ ਤਰੀਕੇ ਨਾਲ ਗੁਰੂ ਜੀ ਦੇ ਫਲਸਫ਼ੇ ਨੂੰ ਮੁੱਖ ਰੱਖਦਿਆਂ ਮਨਾਇਆ ਜਾਵੇ।

ਇਹ ਬਹੁਤ ਧਿਆਨ ਦੇਣ ਯੋਗ ਗੱਲ ਹੈ ਕਿ ਫਰਵਰੀ 2027 ਵਿੱਚ ਪੰਜਾਬ ਅਤੇ ਉੱਤਰ ਪ੍ਰਦੇਸ ਦੀਆਂ ਵਿਧਾਨ ਸਭਾਵਾਂ ਦੇ ਪੰਜ ਸਾਲ ਪੂਰੇ ਹੋ ਰਹੇ ਹਨ ਅਤੇ ਇਨਾਂ ਰਾਜਾਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵੀ ਹੋਣੀਆਂ ਹਨ। 20 ਫਰਵਰੀ 2027 ਗੁਰੂ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਇਸ ਚੋਣਾਂ ਦੀਆਂ ਤਰੀਕਾਂ ਵਿੱਚ ਰਲ-ਗੱਡ ਨਾਂ ਹੋਵੇ ਇਸ ਕਰਕੇ ਭਾਰਤ ਦੇ ਚੋਣ ਕਮਿਸ਼ਨ ਨੂੰ ਅਗਾਂਊ ਸੂਚਿਤ ਕਰ ਦੇਣਾ ਚਾਹੀਦਾ ਹੈ।



650 ਸਾਲਾ ਪ੍ਰਕਾਸ਼ ਦਿਹਾੜੇ ਦੇ ਪ੍ਰਚਾਰ ਦੌਰਾਨ ਆਪਣੇ ਭਾਸ਼ਣਾਂ, ਗੀਤਾ, ਕਵਿਤਾਵਾਂ, ਆਡੀਓਜ਼, ਵੀਡੀਓਜ਼, ਲੇਖਾਂ, ਫਲੈਕਸਾਂ, ਬੈਨਰਾਂ, ਕਿਤਾਬਾਂ, ਪੰਫਲਿਟਾਂ ਵਿਚ ਇਸ ਦਿਹਾੜੇ ਨੂੰ 650ਵੀਂ ਸ਼ਤਾਬਦੀ ਨਹੀ ਲਿਖਿਆ ਜਾ ਸਕਦਾ। ਇਹ ਸਾਢੇ ਛੇਵੀਂ ਸ਼ਤਾਬਦੀ ਬਣਦੀ ਹੈ ਭਾਵ 6-1/2 ਜਾਂ ਸਾਢੇ ਛੇਵੀਂ ਸ਼ਤਾਬਦੀ। ਇਸ ਨੂੰ 650 ਸਾਲਾ ਸ਼ਤਾਬਦੀ ਪ੍ਰਕਾਸ਼ ਦਿਹਾੜਾ ਕਿਹਾ ਜਾ ਸਕਦਾ ਹੈ। ਇਸ ਨੂੰ 650 ਸਾਲਾ ਪ੍ਰਕਾਸ਼ ਦਿਹਾੜਾ ਜਾਂ 650 ਸਾਲਾ ਆਗਮਨ ਪੁਰਬ ਜਾਂ 650 ਸਾਲਾ ਪ੍ਰਕਾਸ਼ ਪੁਰਬ ਵੀ ਕਿਹਾ ਜਾ ਸਕਦਾ ਹੈ।

650 ਸਾਲਾ ਪ੍ਰਕਾਸ਼ ਦਿਹਾੜੇ ਨੂੰ ਮਨਾਉਂਦੇ ਸਮੇਂ ਕੁਝ ਵਿਸ਼ੇਸ਼ ਵਿਚਾਰਕ ਸਿਧਾਂਤਾਂ ਨੂੰ ਅਪਣਾਇਆ ਜਾਵੇ — ਇਨ੍ਹਾਂ ਸਮਾਗਮਾਂ ਵਿੱਚ ਪ੍ਰਚਾਰ ਦੌਰਾਨ ਸ੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ ਸ਼ਬਦ ਨਾਲ ਹੀ ਸੰਬੋਧਨ ਕੀਤਾ ਜਾਵੇ। ਜੈਕਾਰਾ ਲਗਾਉਣ ਵੇਲੇ — ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਕੀ ਜੈ — ਬੁਲਾਇਆ ਜਾਵੇ। ਬੋਲਾ— ਜੈ ਗੁਰੂਦੇਵ ਧੰਨ ਗੁਰੂਦੇਵ ਬੁਲਾਇਆ ਜਾਵੇ। ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਸ਼ਬਦ

**"ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ ॥**

ਨੂੰ ਮੁੱਖ ਰੱਖਦਿਆਂ ਨਿਸਾਨ ਸਾਹਿਬ ਦੇ ਕੱਪੜੇ ਦਾ ਰੰਗ, ਸਿਰੋਪਾਉ ਦਾ ਰੰਗ, ਪੱਗਾਂ ਅਤੇ ਚੁੰਨਰੀਆਂ ਦਾ ਰੰਗ ਮਜੀਠ ਹੋਵੇ ਸਿਰ ਤੇ ਬੰਨੇ ਜਾਣ ਵਾਲੇ ਪਟਕਿਆਂ ਦਾ ਰੰਗ ਮਜੀਠ ਹੋਵੇ। ਬੈਨਰਾ ਉੱਪਰ ਲਿਖੇ ਜਾਣ ਵਾਲੀ ਲਿਖਾਈ ਨੂੰ ਰੰਗ ਮਜੀਠ ਵਿੱਚ ਵੱਧ ਲਿਖਿਆ ਜਾਵੇ। ਪ੍ਰਚਾਰ ਦੇ ਸਾਰੇ ਕੰਮਾਂ ਵਿੱਚ ਮਜੀਠ ਰੰਗ ਨੂੰ ਤਰਜੀਹ ਦਿੱਤੀ ਜਾਵੇ। ਪ੍ਰਕਾਸ਼ ਦਿਹਾੜੇ ਦਾ ਲੌਗੋ ਸਾਂਝੀ ਰਾਏ ਬਣਾ ਕੇ ਤਿਆਰ ਕੀਤਾ ਜਾਵੇ ਇਹ ਲੌਗੋ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਬਣਾਇਆ ਜਾਵੇ ਅਤੇ ਸ਼ਤਾਬਦੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਕਾਸ਼ਿਤ ਲਿਟਰੇਚਰ, ਪੁਸਤਕਾਂ, ਟ੍ਰੈਕਟ, ਪੰਫਲਿਟ, ਸੱਦਾ ਪੱਤਰ, ਬੈਨਰ, ਡਿਜ਼ੀਟਲ ਮੀਡੀਆ ਉੱਤੇ ਇਸ ਲੌਗੋ ਨੂੰ ਲਗਾਇਆ ਜਾਵੇ। ਵਿਦਵਾਨਾਂ ਦੀ ਟੀਮ ਬਣਾਈ ਜਾਵੇ ਜਿਹੜੀ ਸ਼ਤਾਬਦੀ ਪ੍ਰਕਾਸ਼ ਦਿਹਾੜਿਆਂ ਮੌਕੇ ਪ੍ਰਕਾਸ਼ਿਤ ਹੋਣ ਵਾਲੀਆਂ ਕਿਤਾਬਾਂ, ਪੰਫਲੇਟ, ਬੈਨਰਾਂ ਆਦਿ ਦੀ ਜਾਂਚ ਕਰੇ ਕਿ ਕਿਤੇ ਇਹ ਗੁਰੂ ਰਵਿਦਾਸ ਜੀ ਦੇ ਫਲਸਫੇ ਦੇ ਵਿਰੋਧ ਵਿੱਚ ਤਾਂ ਨਹੀਂ ਹੈ। ਲੋੜ ਪੈਣ ਤੇ ਜ਼ਰੂਰੀ ਤਬਦੀਲੀਆਂ ਕਰੇ ਅਤੇ ਸਹੀ ਹੋਣ ਤੇ ਛਾਪਣ ਦੀ ਪ੍ਰਵਾਨਗੀ ਦੇਵੇ, ਤਾਂ ਜੋ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਲਿਟਰੇਚਰ ਹੀ ਸੰਗਤਾਂ ਤੱਕ ਪਹੁੰਚੇ। 650 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਤਾਂ ਪ੍ਰਚਾਰ ਕੀਤਾ ਹੀ ਜਾਣਾ ਹੈ ਅਤੇ ਇਸ ਦੇ ਨਾਲ ਹੀ ਭਾਰਤ ਦੀਆਂ ਦੂਸਰੀਆਂ ਭਾਸ਼ਾਵਾਂ ਜਿਵੇਂ ਤੇਲਗੂ, ਮਰਾਠੀ, ਕੰਨੜ, ਗੁਜਰਾਤੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਗੁਰੂ ਰਵਿਦਾਸ ਜੀ ਦੀ ਬਾਣੀ, ਵਿਚਾਰਧਾਰਾ ਅਤੇ ਜੀਵਨ ਇਤਿਹਾਸ ਦਾ ਪ੍ਰਚਾਰ ਕੀਤਾ ਜਾਵੇ। ਭਾਰਤ ਤੋਂ ਇਲਾਵਾ ਦੁਨੀਆਂ ਦੇ ਬਾਕੀ ਦੇਸਾਂ ਵਿੱਚ ਰਹਿੰਦੇ ਗੁਰੂ ਰਵਿਦਾਸ ਪ੍ਰੇਮੀਆਂ ਨੂੰ ਉਨ੍ਹਾਂ ਦੇਸ਼ਾਂ ਦੀਆਂ ਭਾਸ਼ਾਵਾਂ ਵਿੱਚ ਵੀ ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਅਤੇ ਜੀਵਨ ਇਤਿਹਾਸ ਦਾ ਲਿਟਰੇਚਰ ਛਪਵਾ ਕੇ ਵੰਡਣਾਂ ਚਾਹੀਦਾ ਹੈ। ਭਾਰਤ ਦੀਆਂ ਦੂਸਰੀਆਂ ਭਾਸ਼ਾਵਾਂ ਜਾਂ ਵਿਦੇਸ਼ਾਂ ਦੀਆਂ ਭਾਸ਼ਾਵਾਂ ਵਿੱਚ ਛਪਣ ਵਾਲਾ ਲਿਟਰੇਚਰ ਵੀ ਉਪਰੋਕਤ ਨਿਯੁਕਤ ਕੀਤੀ ਦਸ ਮੈਂਬਰੀ ਕਮੇਟੀ ਦੀ ਪ੍ਰਵਾਨਗੀ ਦੁਆਰਾ ਪ੍ਰਕਾਸ਼ਿਤ ਹੋਵੇ ਤਾਂ ਕਿ ਗੁਰੂ ਜੀ ਦੀ ਬਾਣੀ ਅਤੇ ਫਲਸਫ਼ੇ ਸਬੰਧੀ ਕੋਈ ਘਾਟ ਨਾ ਰਹੇ ਅਤੇ ਨਾਂ ਹੀ ਕੋਈ ਗਲਤ ਜਾਣਕਾਰੀ ਪ੍ਰਕਾਸ਼ਿਤ ਹੋਵੇ। ਭਾਸ਼ਾ ਦੀ ਸਮੱਸਿਆ

ਹੱਲ ਕਰਨ ਲਈ ਗੂਗਲ ਟਰਾਂਸਲੇਟਰ ਦੇ ਮਾਹਰ ਵਿਦਵਾਨਾਂ ਦੀ ਰਾਏ ਲਈ ਜਾ ਸਕਦੀ ਹੈ।

**—ਸਾਰੀਆਂ ਸਭਾਵਾਂ ਪ੍ਰਚਾਰ ਲਈ ਅੱਗੇ ਆਉਣ :—** ਸਮੁੱਚੇ ਸੰਸਾਰ ਦੀਆਂ ਸ੍ਰੀ ਗੁਰੂ ਰਵਿਦਾਸ, ਭਗਵਾਨ ਮਹਾਰਿਸ਼ੀ ਵਾਲਮੀਕੀ, ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ ਅਤੇ ਡਾਕਟਰ ਅੰਬੇਡਕਰ ਸਭਾਵਾਂ 650 ਸਾਲਾ ਪ੍ਰਚਾਰ ਸਮਾਗਮਾਂ ਲਈ ਅੱਗੇ ਆ ਕੇ ਗੁਰੂ ਰਵਿਦਾਸ ਜੀ ਦੇ ਫਲਸਫ਼ੇ ਦੇ ਪ੍ਰਚਾਰ ਹਿੱਤ ਆਪਣਾ ਵੱਧ ਤੋਂ ਵੱਧ ਹਿੱਸਾ ਪਾਉਣ। ਪ੍ਰਚਾਰ ਦੀਆਂ ਯੋਜਨਾਵਾਂ ਨੂੰ ਸਾਂਝੇ ਰੂਪ ਵਿੱਚ ਪ੍ਰਵਾਨ ਕਰਕੇ ਹਰ ਸੰਸਥਾ ਘੱਟੋ-ਘੱਟ ਇਕ ਯੋਜਨਾ ਨੂੰ ਅਪਣਾ ਕੇ ਉਸੇ ਤਰੀਕੇ ਦੇ ਨਾਲ ਪ੍ਰਚਾਰ ਕਰਨ। ਭਾਰਤ ਦੇ ਜਿਨ੍ਹਾਂ ਪ੍ਰਦੇਸ਼ਾਂ ਵਿੱਚ ਪ੍ਰਚਾਰ ਦੀ ਬਹੁਤ ਘਾਟ ਹੈ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਪ੍ਰਚਾਰਕ ਉੱਥੇ ਭੇਜ ਕੇ ਪ੍ਰਚਾਰ ਕਰਨਾ ਚਾਹੀਦਾ ਹੈ।

**—ਪ੍ਰਚਾਰ ਟ੍ਰੇਨਿੰਗ ਸੈਂਟਰ ਸਥਾਪਿਤ ਕੀਤੇ ਜਾਣ —** ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿੱਚ ਪ੍ਰਚਾਰ ਦੀਆਂ ਜ਼ਰੂਰਤਾਂ ਅਤੇ ਯੋਜਨਾਵਾਂ ਨੂੰ ਮੁੱਖ ਰੱਖਦਿਆਂ ਪ੍ਰਚਾਰ ਟ੍ਰੇਨਿੰਗ ਸੈਂਟਰ ਸਥਾਪਿਤ ਕੀਤੇ ਜਾਣ ਜਿੱਥੇ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਉਨ੍ਹਾਂ ਦੇ ਮੈਂਬਰ ਆ ਕੇ ਟ੍ਰੇਨਿੰਗ ਲੈਣ ਅਤੇ ਵੱਖ ਵੱਖ ਇਲਾਕਿਆਂ ਵਿੱਚ ਪ੍ਰਚਾਰ ਕਰਨ ਲਈ ਜਾਣ। ਭਾਰਤ ਦੇ ਬਾਕੀ ਰਾਜਾਂ ਵਿੱਚ ਪ੍ਰਚਾਰ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਯੋਜਨਾਵਾਂ ਹਨ ਜੋ ਤੁਸੀਂ ਵੈਬਸਾਈਟ www.begumpuramission.com ਦੇ ਪੇਜ 650th Years ’ਤੇ ਜਾ ਕੇ ਦੇਖ ਸਕਦੇ ਹੋ, ਜਾਂ ਆਪਣੇ ਸੁਝਾਅ ਵੀ ਉਸ ਪੇਜ ਤੇ ਅਪਲੋਡ ਕਰਵਾ ਸਕਦੇ ਹੋ।

**Visit Us : www.begumpuramission.com**




—ਬੇਗ਼ਮਪੁਰਾ ਸੰਕਲਪ ਦੇ ਆਦਿਵਾਸੀ ਬ੍ਰਹਮ ਗਿਆਨੀ ਚਿੰਤਕ, ਸਤਿਗੁਰੂ ਸਾਹਿਬਾਨਾਂ ਦੀ ਪਾਵਨ ਬਾਣੀ ਤੇ ਵਿਚਾਰਧਾਰਾ ਅਤੇ ਬੇਗ਼ਮਪੁਰਾ ਸੰਕਲਪ ਦੀ ਸਥਾਪਤੀ ਵਿਚ ਵੱਡੀ ਭੂਮਿਕਾ ਨਿਭਾਉਣ ਵਾਲੇ ਸਮਾਜਿਕ ਰਹਿਬਰਾਂ ਬਾਰੇ ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਜਾਨਣ ਲਈ ਸਾਡੀ ਵੈੱਬਸਾਈਟ www.begumpuramission.com ਨੂੰ ਕਰੋ।



**ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜਿਆਂ ਤੇ ਨਗਰ ਕੀਰਤਨ ਸਜਾਉਣ ਵਾਸਤੇ ਪਾਲਕੀ ਸਾਹਿਬ (ਬੱਸ) ਲੈਣ ਲਈ ਸੰਸਥਾ ਦੇ ਨੰਬਰਾਂ ’ਤੇ ਸੰਪਰਕ ਕਰੋ।**



# ਸੈਲੀਬਰੇਸ਼ਨਾਂ ਦੀ ਗ਼ੁਲਾਮੀ ’ਚ ਜਕੜਿਆ ਅਜੋਕਾ ਮਨੁੱਖ



ਮਹਿੰਦਰ ਸੰਧੂ ਮਹੇੜੂ
ਸੰਪਾਦਕ ‘ਸੱਚ ਦਾ ਸੂਰਜ’ ਪੰਜਾਬੀ ਮਾਸਿਕ ਮੈਗਜ਼ੀਨ ਫਗਵਾੜਾ, ਜ਼ਿਲ੍ਹਾ ਕਪੂਰਥਲਾ
ਮੋਬਾਈਲ - 98722-29073

ਸਾਲ ਦੇ 365 ਜਾਂ 366 ਦਿਨ ਤਾਂ ਹਜ਼ਾਰ ਸਾਲਾਂ ਤੋਂ ਇੱਕੋ ਜਿਹੇ ਹਨ, ਪਰ ਮਨੁੱਖ ਦੀ ਜ਼ਿੰਦਗੀ ਵਿੱਚ ਸੈਲੀਬ੍ਰੇਸ਼ਨਾਂ ਦੇ ਦਿਨ ਜਾਂ ਇੰਝ ਕਹਿ ਲਓ ਖਪਤ ਦੇ ਦਿਨ, ਲਗਾਤਾਰ ਵਧਾਏ ਜਾ ਰਹੇ ਹਨ। ਬਰਥ ਡੇ, ਫਰੈਂਡਸ਼ਿਪ ਡੇ, ਰੋਜ਼ ਡੇ, ਕੌਫੀ ਡੇ, ਮੈਰਿਜ਼ ਡੇ, ਨਿਊ ਯੀਅਰ ਡੇ ਇਹ ਸਾਰੇ ਦਿਨ ਮਨੁੱਖ ਦੀ ਖੁਦ ਦੀ ਖੁਸ਼ੀ ਲਈ ਨਹੀਂ, ਸਗੋਂ ਬਾਜ਼ਾਰ ਦੀ ਤਿਆਰ ਕੀਤੀ ਹੋਈ ਯੋਜਨਾ ਦਾ ਹਿੱਸਾ ਹੈ।

ਅਸਲ ਸੈਲੀਬਰੇਸ਼ਨ ਬਾਜ਼ਾਰ ਕਰਦਾ ਹੈ, ਮਨੁੱਖ ਨਹੀਂ। ਮਨੁੱਖ ਤਾਂ ਸਿਰਫ ਆਪਣੀ ਕਮਾਈ, ਆਪਣਾ ਸਮਾਂ ਅਤੇ ਆਪਣੀ ਸੋਚ ਬਾਜ਼ਾਰ ਅੱਗੇ ਕੁਰਬਾਨ ਕਰਦਾ ਹੈ। ਟੀ.ਵੀ., ਇਸ਼ਤਿਹਾਰ ਅਤੇ ਸੋਸ਼ਲ ਮੀਡੀਆ ਮਨੁੱਖ ਨੂੰ ਇਹ ਯਕੀਨ ਦਿਲਾਉਂਦੇ ਹਨ ਕਿ ਜੇ ਤੂੰ ਖਰਚ ਨਹੀਂ ਕਰਦਾ, ਤਾਂ ਤੂੰ ਖੁਸ਼ ਨਹੀਂ। ਇਹ ਪੂਰਾ ਤੰਤ੍ਰ ਸਰਕਾਰਾਂ ਅਤੇ ਪੂੰਜੀਪਤੀਆਂ ਦੇ ਕਬਜ਼ੇ ਹੇਠ ਹੈ, ਜੋ ਮਨੁੱਖ ਨੂੰ ਸੋਚਣ ਵਾਲਾ ਜੀਵ ਨਹੀਂ, ਸਗੋਂ ਖਰੀਦਣ ਵਾਲਾ ਗਾਹਕ ਬਣਾਉਣਾ ਚਾਹੁੰਦੇ ਹਨ।

ਸਾਡੇ ਦੇਸ਼ ਦਾ ਮੂਲ ਨਿਵਾਸੀ ਪਹਿਲਾਂ ਹੀ ਅਨੇਕਾਂ ਤਿਉਹਾਰਾਂ ਦੀ ਗ੍ਰਿਫ਼ਤ ਵਿੱਚ ਹੈ, ਜਿਸ ਨੂੰ ਉਹ ਵੱਡੇ ਸੈਲੀਬ੍ਰੇਸ਼ਨਾਂ ਦੇ ਤੌਰ ਤੇ ਮਨਾਉਂਦਾ ਹੈ। ਇਨ੍ਹਾਂ ਤਿਉਹਾਰਾਂ ਦੇ ਦਿਨਾਂ ਵਿੱਚ ਬਾਜ਼ਾਰਾਂ ਵਿੱਚ ਪੈਰ ਰੱਖਣ ਨੂੰ ਵੀ ਜਗ੍ਹਾ ਨਹੀਂ ਹੁੰਦੀ। ਤਿਉਹਾਰ ਦਾ ਮਤਲਬ ਤੁਹਾਡੀ ਹਾਰ ਭਾਵ ਤੁਹਾਡੀ ਹਾਰ ਦਾ ਜਸ਼ਨ। ਇਹ ਤਿਉਹਾਰ ਸਾਡੀ ਗ਼ੁਲਾਮੀ ਦੇ ਪ੍ਰਤੀਕ ਹਨ। ਡਾ. ਅੰਬੇਡਕਰ ਜੀ ਨੇ ਕਿਹਾ ਕਿ ਗ਼ੁਲਾਮਾਂ ਦਾ ਕੋਈ ਤਿਉਹਾਰ ਨਹੀਂ ਹੁੰਦਾ। ਉਹ ਸ਼ਾਸ਼ਕ ਵੱਲੋਂ ਥੋਪੇ ਤਿਉਹਾਰਾਂ ਨੂੰ ਹੀ ਮਨਾਉਂਦਾ ਹੈ।

ਸੈਲੀਬਰੇਸ਼ਨਾਂ ਦਾ ਇਹ ਜਾਲ ਮਨੁੱਖ ਨੂੰ ਰੋਜ਼ਗਾਰ, ਸਿੱਖਿਆ, ਭੁੱਖ, ਬੇਰੁਜ਼ਗਾਰੀ, ਜ਼ੁਲਮ ਅਤੇ ਨਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਆਸਾਨ ਹਥਿਆਰ ਹੈ। ਸਵਾਲ ਪੁੱਛਣ ਦੀ ਥਾਂ ਮਨੁੱਖ ਕੇਕ ਕੱਟਦਾ ਹੈ, ਸੰਘਰਸ਼ ਕਰਨ ਦੀ ਥਾਂ ਸੈਲਫੀਆਂ ਖਿੱਚਦਾ ਹੈ ਅਤੇ ਬਦਲਾਅ ਲਿਆਉਣ ਦੀ ਥਾਂ ਨਵੇਂ ਨਵੇਂ ਪਹਿਰਾਵਿਆਂ ਦੇ ਪਿੱਛੇ ਦੌੜਦਾ ਹੈ।

ਸਭ ਤੋਂ ਦੁਖਦਾਇਕ ਗੱਲ ਇਹ ਹੈ ਕਿ ਹੁਣ ਇਹ ਬਾਜ਼ਾਰੀ ਬਿਮਾਰੀ ਸਾਡੇ ਧਾਰਮਿਕ ਸਮਾਗਮਾਂ ਤੱਕ ਪਹੁੰਚ ਚੁੱਕੀ ਹੈ। ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜੇ, ਜੋ ਚੇਤਨਾ ਜਗਾਉਣ ਅਤੇ ਗ਼ੁਲਾਮੀ ਤੋੜਣ ਦੇ ਦਿਨ ਸਨ, ਅੱਜ ਸਜਾਵਟ, ਸ਼ੋਰ ਅਤੇ ਦਿਖਾਵੇ ਅਤੇ ਮਨ ਪਰਚਾਵੇ ਦੇ ਮੇਲੇ ਬਣਦੇ ਜਾ ਰਹੇ ਹਨ। ਜਿਨ੍ਹਾਂ ਗੁਰੂ ਸਾਹਿਬਾਨਾਂ ਨੇ ਸਾਦਗੀ ਸਿਖਾਈ, ਉਨ੍ਹਾਂ ਦੇ ਨਾਂ ’ਤੇ ਫਜ਼ੂਲ ਖਰਚੇ ਕੀਤੇ ਜਾ ਰਹੇ ਹਨ। ਜਿਨ੍ਹਾਂ ਨੇ ਅਹੰਕਾਰ ਤੋੜਿਆ, ਉਨ੍ਹਾਂ ਦੇ ਦਿਹਾੜਿਆਂ ’ਤੇ ਅਸੀਂ ਮੁਕਾਬਲਾ ਕਰ ਰਹੇ ਹਾਂ। ਇਹੋ ਜਿਹੀ ਚਕਾਚੌਂਧ ਗੁਰੂ ਸਾਹਿਬਾਨਾਂ ਦਾ ਮਕਸਦ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੇ ਉੱਚੀ ਆਵਾਜ਼ ਨਾਲ ਆਪਣੀ ਸੱਚਾਈ ਮਨਵਾਈ। ਉਨ੍ਹਾਂ ਦਾ ਸੰਦੇਸ਼ ਸਾਫ਼ ਸੀ-ਕੁਦਰਤੀ ਨਿਯਮਾਂ ਨੂੰ ਅਪਣਾਓ, ਵਿਚਾਰ ਬਦਲੋ, ਮਨੁੱਖ ਬਣੋ, ਜ਼ੁਲਮ ਨਾਲ ਟੱਕਰ ਲਓ ਪਰ ਅਸੀਂ ਉਨ੍ਹਾਂ ਦੀ ਬਾਣੀ ਨੂੰ ਪਾਠਾਂ ਦੀ ਗਿਣਤੀ ਅਤੇ ਵੱਡੇ-ਵੱਡੇ ਸਮਾਗਮਾਂ ਤੱਕ ਸੀਮਤ ਕਰ ਦਿੱਤਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਫੈਸਲਾ ਕਰੀਏ ਕਿ ਕੀ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜੇ ਕੇਵਲ ਮਨਾਉਣ ਤੱਕ ਹੀ ਸੀਮਤ ਕਰਨੇ ਹਨ ਜਾਂ ਅਪਣਾਉਣੇ ਵੀ ਹਨ?

ਕੀ ਅਸੀਂ ਬਾਜ਼ਾਰ ਦੇ ਹੁਕਮਾਂ ’ਤੇ ਨੱਚਣ ਵਾਲੇ ਮਨੁੱਖ ਬਣ ਕੇ ਰਹਿਣਾ ਹੈ ਜਾਂ ਸੋਚਣ ਵਾਲੇ ਇਨਸਾਨ ਬਣਨਾ ਹੈ ? ਅਸਲ ਕ੍ਰਾਂਤੀ ਸਜਾਵਟਾਂ ਵਿੱਚ ਨਹੀਂ, ਸੋਚ ਵਿੱਚ ਹੁੰਦੀ ਹੈ। ਅਸਲ ਸੇਵਾ ਅਤੇ ਭਗਤੀ ਸ਼ੋਰ ਵਿੱਚ ਨਹੀਂ, ਧਿਆਨ ਅਤੇ ਸਮਝ ਵਿੱਚ ਹੁੰਦੀ ਹੈ। ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਆਓ ਆਪਾਂ ਉਨ੍ਹਾਂ ਦੇ ਫਲਸਫ਼ੇ ਨੂੰ ਸਮਝੀਏ, ਸਮਝਾਈਏ ਅਤੇ ਅਪਨਾਈਏ।